

# ਮੇਰਾ ਪਿੰਡ

(ਕਾਵਿ ਸੰਗ੍ਰਹਿ)



ਹਰਭਜਨ ਸਿੰਘ ਤੱਸੀ

ਮੇਰਾ ਪਿੰਡ ਹਰਭਜਨ ਸਿੰਘ ਤੱਸੀ


Gratitude ★ Blessings ★ Happiness
Gratitude ★ Blessings ★ Friendship ★ Happiness ★
MERA PIND

# ਮੇਰਾ ਪਿੰਡ

# ਮੇਰਾ ਪਿੰਡ

ਹਰਭਜਨ ਸਿੰਘ ਭੱਜੀ

ਪ੍ਰਕਾਸ਼ਕ
ਸਿੱਖ ਨੈਸ਼ਨਲ ਐਜੂਕੇਸ਼ਨਲ ਐਂਡ ਕਲਚਰਲ ਔਰਗੇਨਾਈਜ਼ੇਸ਼ਨ
7720-ਲੌਰੇਨ ਐਵੇਨਿਊ, 107 ਸਟਾਕਟਨ
ਕੈਲੇਫੋਰਨੀਆ 95207

MERA PIND *(Poems in Punjabi)*
*by*
DR. HARBHAJAN SINGH BHAJI
5345 N Elderado # 3
Stockton CA 95207
(209) 478-4041
Fax (209) 478-4084

2000
ਕਾਪੀਆਂ : 1100
ਮੁੱਲ : 200/- ਰੁਪਏ

ਲੇਜ਼ਰ ਟਾਈਪ-ਸੈਟਿੰਗ : ਜੈਸਮੈਨ ਗਰਾਫ਼ਿਕਸ, ਪਟਿਆਲਾ

Published by Sikh National Educational and Cultural Organisation, 7720, Lorraine Avenue, # 107, Stockton CA 95207 and Printed at Ram Printograph, New Delhi

## ਸਮਰਪਣ

ਪਿੰਡ ਦੀਆਂ ਉਨ੍ਹਾਂ ਗਲੀਆਂ ਦੇ ਨਾਂ
ਜਿਨ੍ਹਾਂ ਵਿਚ ਕਦੇ ਖੇਡੇ ਸੀ।
ਖੇਤਾਂ ਦੇ ਉਨ੍ਹਾਂ ਰਾਹਾਂ ਦੇ ਨਾਂ
ਜੋ ਹੁੰਦੇ ਵਿੰਗੇ ਟੇਢੇ ਸੀ।
ਖੁੱਲ੍ਹਾ ਜੋ ਸਦਾ ਸੀ ਰਹਿੰਦਾ
ਇਹ ਉਹ ਸਾਡੇ ਗੁਰੂ ਦਰ ਦੇ ਨਾਂ।
ਜਿੱਥੇ ਅੱਜ ਸਾਡਾ ਕੋਈ ਨਹੀਂ
ਇਹ ਉਸ ਸਾਡੇ ਸੁੰਨੇ ਘਰ ਦੇ ਨਾਂ।

# ਦੋ ਲਫ਼ਜ਼

ਪਿੰਡ ਵਿਚ ਜੰਮ ਕੇ ਜ਼ਿੰਦਗੀ ਦੇ ਪਹਿਲੇ ਕੁਛ ਵਰ੍ਹੇ ਪਿੰਡ ਦੀਆਂ ਗਲੀਆਂ ਵਿਚ ਗੁਜ਼ਾਰੇ। ਫੇਰ ਛੁੱਟੀਆਂ ਵਿਚ ਵੀ ਪਿੰਡ ਜਾਣ ਦਾ ਮੋਕਾ ਮਿਲਦਾ ਰਿਹਾ। ਹੁਣ ਤੁਕਰੀਬਨ ਤੀਹ ਸਾਲ ਹੋ ਗਏ ਨੇ ਵਤਨ ਛੱਡੇ ਨੂੰ, ਪਰ ਪਿੰਡ ਦੀ ਯਾਦ ਭੁਲਾਇਆਂ ਨਹੀਂ ਭੁੱਲਦੀ।

ਇਹ ਸ਼ਾਇਦ ਉਸ ਪਿੰਡ ਦੀ ਮਿੱਟੀ ਤੇ ਪਾਣੀ ਦਾ ਹੀ ਸਦਕਾ ਹੈ ਜੋ ਕਿ ਹਾਲੇ ਵੀ ਮੇਰੇ ਰੋਮ ਰੋਮ ਵਿਚ ਰਚਿਆ ਹੈ ਤੇ ਦਿਲ ਤੇ ਐਨੀਂ ਡੂੰਘੀ ਛਾਪ ਛੱਡ ਗਿਆ ਜਿਸ ਨੂੰ ਵਕਤ ਦੀ ਗਰਦ ਦਬਾ ਨਹੀਂ ਸਕਦੀ। ਅੱਜ ਵੀ ਉਹ ਤਸਵੀਰ ਮੇਰੀਆਂ ਅੱਖਾਂ ਸਾਮ੍ਹਣੇ ਉਂਜ ਹੀ ਹੈ ਜਿਸ ਤਰ੍ਹਾਂ ਅੱਜ ਤੋਂ ਤੀਹ ਵਰ੍ਹੇ ਪਹਿਲਾਂ ਸੀ। ਇਹ ਠੀਕ ਹੈ ਵਕਤ ਦੇ ਨਾਲ ਨਾਲ ਮੇਰਾ ਪਿੰਡ ਵੀ ਬਦਲ ਗਿਆ ਹੋਵੇਗਾ। ਜਦੋਂ ਮੈਂ ਉੱਥੇ ਸਾਂ ਕੋਈ ਪੱਕੀ ਸੜਕ ਨਹੀਂ ਸੀ, ਬਿਜਲੀ ਨਹੀਂ ਸੀ, ਟੈਲੀਫੋਨ ਨਹੀਂ ਸੀ। ਹੁਣ ਇਹ ਸਭ ਮੇਰੇ ਪਿੰਡ ਵੀ ਪਹੁੰਚ ਗਏ ਹਨ। ਗੱਡਿਆਂ ਦੀ ਜਗ੍ਹਾ ਟਰੈਕਟਰਾਂ ਤੇ ਟਰਾਲੀਆਂ ਨੇ ਲੈ ਲਈ। ਊਠਾਂ ਤੇ ਘੋੜੀਆਂ ਦੀ ਜਗਾਹ ਮੋਟਰ ਸਾਈਕਲਾਂ ਤੇ ਜੀਪਾਂ ਨੇ ਲੈ ਲਈ ਪਰ ਮੇਰੇ ਦਿਮਾਗ ਵਿਚ ਉਹ ਤੀਹ ਸਾਲ ਪਹਿਲਾਂ ਵਾਲੀ ਤਸਵੀਰ ਹੈ ਜੋ ਮੈਂ ਆਪਣੀ ਪਹਿਲੀ ਕਵਿਤਾ 'ਮੇਰਾ ਪਿੰਡ' ਵਿਚ ਬਿਆਨ ਕੀਤੀ ਹੈ।

ਇਹ ਇਕੱਲੀ ਮੇਰੇ ਪਿੰਡ ਦੀ ਹੀ ਕਹਾਣੀ ਨਹੀਂ ਇਹ ਪੰਜਾਬ ਦੇ ਹਰ ਪਿੰਡ ਦੀ ਕਹਾਣੀ ਹੈ। ਹਰ ਪੜ੍ਹਨ ਵਾਲੇ ਨੂੰ ਇਸ ਵਿਚੋਂ ਆਪਣੇ ਪਿੰਡ ਦੀ ਤਸਵੀਰ ਨਜ਼ਰ ਆਵੇਗੀ। ਉਨ੍ਹਾਂ ਦੀਆਂ ਭੁੱਲੀਆਂ ਵਿਸਰੀਆਂ ਯਾਦਾਂ ਨੂੰ ਫੇਰ ਤਾਜ਼ਾ ਕਰੇਗੀ। ਇਹ ਸਭ ਕਵਿਤਾਵਾਂ ਪਿਛਲੇ ਪੰਦਰ੍ਹਾਂ ਸੋਲ੍ਹਾਂ ਸਾਲਾਂ ਵਿਚ ਵੱਖੋ ਵੱਖਰੇ ਸਮੇਂ ਵਿਚ ਲਿਖੀਆਂ ਗਈਆਂ। ਪਿਛਲੇ ਦੋ ਦਹਾਕਿਆਂ ਤੋਂ ਜੋ ਪੰਜਾਬ ਦੇ ਪਿੰਡਾਂ ਤੇ ਗੁਜ਼ਰੀ ਹੈ ਉਸਦਾ ਅਸਰ ਵੀ ਮੇਰੀਆਂ ਕਵਿਤਾਵਾਂ ਤੇ ਪਿਆ ਹੈ। ਉਸ ਦੀ ਝਲਕ ਵੀ ਤੁਹਾਨੂੰ ਕੁਝ ਕਵਿਤਾਵਾਂ ਵਿਚੋਂ ਮਿਲੇਗੀ।

ਸ਼ਰਾਬ ਤਕਰੀਬਨ ਹਰ ਇਕ ਪਿੰਡ ਵਿਚ ਹੀ ਲੋਕ ਰੱਜਕੇ ਪੀਂਦੇ ਨੇ ਤੇ ਹੱਥੀਂ ਕੱਢਦੇ ਹਨ। ਉਸ ਉੱਤੇ ਵੀ ਕੁਝ ਕਵਿਤਾਵਾਂ ਹਨ। ਕਿੱਕਰਾਂ ਦੇ

ਫੁੱਲ, ਬਾਪੂ ਦੀ ਚਿੱਠੀ ਤੇ ਪੁੱਤ ਦਾ ਜਵਾਬ, ਇਹ ਤਿੰਨ ਕਵਿਤਾਵਾਂ ਵਤਨ ਤੋਂ ਆਏ ਮੁੰਡੇ ਕੁੜੀਆਂ ਦੇ ਹਾਲ ਬਾਰੇ ਹਨ। ਵਤਨ ਵਿਚ ਬੈਠਿਆਂ ਪਿੱਛੇ ਘਰ ਦਿਆਂ ਦੇ ਕੀ-ਕੀ ਅਰਮਾਨ ਹਨ ਤੇ ਅਸਲੀਅਤ ਕੀ ਹੈ? ਜੇ ਕਿਸੇ ਨੂੰ ਸੱਚ ਦੱਸੋ ਤਾਂ ਉਹ ਯਕੀਨ ਨਹੀਂ ਕਰਦਾ ਪਰ ਅਸਲੀਅਤ ਇਹ ਹੈ ਕਿ ਏਥੇ ਡਾਲਰ ਦਰਖ਼ਤਾਂ ਨੂੰ ਨਹੀਂ ਲੱਗਦੇ ਤੇ ਨਾ ਹੀ ਬੋਕਰ ਨਾਲ ਹੂੰਝੇ ਜਾ ਸਕਦੇ ਹਨ। ਜ਼ਿਆਦਾ ਸਖ਼ਤ ਮਿਹਨਤ ਤੇ ਫੇਰ ਜੇ ਉਸ ਰੱਬ ਦੀ ਮਿਹਰ ਰਹੇ ਤਾਂ ਬੰਦਾ ਚੰਗੀ ਰੋਟੀ ਖਾ ਸਕਦਾ ਹੈ। ਸੁਣਕੇ ਦੁੱਖ ਹੁੰਦਾ ਹੈ ਕਿ ਅੱਜ ਕੱਲ੍ਹ ਪੰਜਾਬ ਦੇ ਪਿੰਡਾਂ ਵਿਚ ਗੱਭਰੂ ਕੰਮ ਨਹੀਂ ਕਰਦੇ। ਜ਼ਨਾਨੀਆਂ ਵੀ ਘੱਟ ਹੀ ਕੰਮ ਕਰਦੀਆਂ ਹਨ। ਬਸ ਨੌਕਰਾਂ ਦੇ ਸਿਰ ਤੇ ਕੰਮ ਚਲ ਰਿਹਾ ਹੈ ਜੋ ਪੰਜਾਬ ਦੇ ਪਿੰਡਾਂ ਨੂੰ ਨੀਵਾਣ ਵੱਲ ਲੈ ਜਾਵੇਗਾ। ਖੈਰ ਰੱਬ ਕਰੇ ਮੈਂ ਗਲਤ ਹੋਵਾਂ। ਮੇਰਾ ਪਿੰਡ ਤੇ ਬਾਕੀ ਸਾਰੇ ਪੰਜਾਬ ਦੇ ਪਿੰਡ ਉਂਜ ਹੀ ਹੱਸਦੇ ਵਸਦੇ ਰਹਿਣ ਜਿਵੇਂ ਸਦੀਆਂ ਤੋਂ ਉਹ ਵਸ ਰਹੇ ਨੇ। ਇਹ ਹੀ ਮੇਰੀ ਦਿਲੀ ਇੱਛਾ ਹੈ।

ਮੈਂ ਧੰਨਵਾਦੀ ਹਾਂ ਪੰਜਾਬੀ ਯੂਨੀਵਰਸਿਟੀ ਦੇ ਪਬਲੀਕੇਸ਼ਨ ਡਿਪਾਰਟਮੈਂਟ ਦਾ ਤੇ ਬਾਕੀ ਉਮੀਦ ਹੈ ਤੁਹਾਨੂੰ ਇਹ ਮੇਰੀ ਨਿਮਾਣੀ ਜਿਹੀ ਕੋਸ਼ਿਸ਼ ਪਸੰਦ ਆਈ ਹੋਵੇਗੀ। ਪਾਠਕਾਂ ਦੇ ਸੁਝਾਅ ਸਿਰ ਮੱਥੇ।

*ਤੁਹਾਡਾ*

**ਹਰਭਜਨ ਸਿੰਘ ਭੱਜੀ**
**5345N Elderado #3**
**Stockton Ca 95207**

# ਤਤਕਰਾ


| | | |
|---|---|---|
| 1. | ਮੇਰਾ ਪਿੰਡ | 1 |
| 2. | ਪਿੰਡ ਦਾ ਛੱਪੜ | 26 |
| 3. | ਪਿੰਡ ਦਾ ਖੂਹ | 29 |
| 4. | ਪਿੰਡ ਦੇ ਬਾਗ | 34 |
| 5. | ਪਿੰਡ ਦੀਆਂ ਗਲੀਆਂ | 38 |
| 6. | ਕਾਂ | 40 |
| 7. | ਕੂੰਜਾਂ | 42 |
| 8. | ਚਿੜੀਆਂ | 44 |
| 9. | ਪਰਦੇਸਣ ਚਿੜੀਆਂ | 47 |
| 10. | ਉਜੜਿਆ ਆਲ੍ਹਣਾ | 50 |
| 11. | ਯਾਰ | 51 |
| 12. | ਯਾਰੀ - | 66 |
| 13. | ਕਿੱਕਰਾਂ ਦੇ ਫੁੱਲ | 68 |
| 14. | ਜੱਟ | 72 |
| 15. | ਜੱਟ ਦਾ ਪੁੱਤ | 74 |
| 16. | ਜੱਟ ਦੀ ਵਿਸਾਖੀ | 75 |
| 17. | ਪੰਜਾਬ ਦੀ ਜੱਟੀ | 78 |
| 18. | ਪੰਜਾਬੀ | 80 |
| 19. | ਪੰਜਾਬੀ ਕੌਣ | 82 |
| 20. | ਰੋਂਦਾ ਪੰਜਾਬ | 93 |
| 21. | ਪੰਜਾਬ ਦੀਆਂ ਰੁੱਤਾਂ | 96 |
| 22. | ਸਰਾਪੀ ਧਰਤੀ | 102 |
| 23. | ਸਹਿਮ | 105 |
| 24. | ਸਹਿਮੇ ਲੋਕ | 109 |
| 25. | ਕਬਰਾਂ ਦੀ ਫਸਲ | 111 |

26. ਵਾਸਤਾ 113
27. ਘਰ ਦਾ ਚਾਨਣ 115
28. ਗੁਲ ਦੀਵੇ 119
29. ਖੈਰ 122
30. ਨਵੀਂ ਸਵੇਰ 125
31. ਨਸ਼ਾ 130
32. ਸ਼ਰਾਬੀ 134
33. ਸ਼ਰਾਬੀ ਦੀ ਧੀ 154
34. ਕਬੱਡੀ 161
35. ਗੁਆਚਾ ਗੀਤ 163
36. ਗੁਆਚੇ ਦਿਨ 165
37. ਬਾਪੂ ਦੀ ਚਿੱਠੀ 168
38. ਪੁੱਤ ਦਾ ਜਵਾਬ 170
39. ਪਿੰਡ ਨੂੰ ਸੁਨੇਹਾ 173
40. ਪਿੰਡ ਦੀ ਯਾਦ 175

# ਮੇਰਾ ਪਿੰਡ

**1**

ਕਲ੍ਹ ਰਾਤ,
ਸੁਪਨੇ ਵਿਚ ਆ ਕੇ,
ਪਤਾ ਨਹੀਂ ਤੂੰ,
ਕਿਉਂ ਇਹ ਕਹਿ ਗਿਆ।
"ਮੈਨੂੰ ਭੁਲਕੇ,
'ਭੱਜੀ' ਕਿਉਂ ਤੂੰ,
ਅੱਜ ਗੈਰਾਂ ਦਾ ਹੋ ਕੇ ਬਹਿ ਗਿਆ।"

ਐ ਮੇਰੇ ਪਿੰਡ,
ਮੈਂ ਨਿਰਮੋਹਾ ਨਹੀਂ,
ਮੈਨੂੰ ਯਾਦ ਤਾਂ ਤੇਰੀ ਆਉਂਦੀ ਹੈ।
ਹਰ ਪਲ,
ਹਰ ਘੜੀ,
ਉਹ ਆ ਕੇ ਮੈਨੂੰ ਸਤਾਉਂਦੀ ਹੈ।
ਕਦੇ ਕਦੇ,
ਉਹ ਰਾਤਾਂ ਨੂੰ ਭੀ,
ਸੁਤੇ ਪਏ ਨੂੰ ਮੈਨੂੰ ਜਗਾਉਂਦੀ ਹੈ।
ਮੇਰੇ ਗਲ ਲਗ,
ਜਦ ਉਹ ਰੋਂਦੀ ਹੈ,
ਤਦ ਰੂਹ ਮੇਰੀ ਤੜਫਾਉਂਦੀ ਹੈ।

ਵਸਦਾ ਏਂ,
ਤੂੰ ਉਂਜ ਹੀ ਹਾਲੇ,

ਸਦਾ ਵਾਂਗ,
ਮੇਰੀ ਰੂਹ ਦੇ ਅੰਦਰ।
ਸੁਪਨਿਆਂ ਵਿਚ,
ਮੈਂ ਫਿਰ ਜਾਂਦਾ ਹਾਂ,
ਕਈ ਵਾਰ,
ਤੇਰੀ ਜੂਹ ਦੇ ਅੰਦਰ।

**2**

ਮੈਨੂੰ ਯਾਦ ਹੈ,
ਨਹਿਰ ਦੇ ਕੰਢੇ,
ਉਹ ਬੰਜਰ ਜਿਹਾ,
ਇਕ ਭੋਂਈ ਦਾ ਟੁਕੜਾ।
ਜਿਥੇ ਲਿਜਾਣ ਤੋਂ ਪਹਿਲਾਂ,
ਮੈਂ ਤਕਿਆਂ ਸੀ,
ਮਾਂ ਆਪਣੀ ਦਾ ਸੋਹਣਾ ਮੁਖੜਾ।
ਭੁਲ ਜਾਵਾਂ,
ਭਾਵੇਂ ਹੋਰ ਸਭ ਮੈਂ,
ਭੁਲਦਾ ਨਹੀਂ ਮੈਨੂੰ ਉਹ ਦੁਖੜਾ।

ਚਿੰਤਾ ਦੀ ਤਿੱਖੀ,
ਅੱਗ ਦੇ ਅੰਦਰ,
ਮ੍ਰਿਤਕ ਦੇਹੀ ਉਹਦੀ ਬਲ ਗਈ।
ਆਖਿਰ ਨੂੰ,
ਉਹ ਪੰਜਾਬ ਦੀ ਮਿੱਟੀ,
ਸਦਾ ਲਈ,
ਤੇਰੀ ਮਿੱਟੀ ਦੇ ਵਿਚ ਰਲ ਗਈ।

ਜਿੰਨੀ ਦੇਰ,
ਮੇਰੀ ਮਾਂ ਦੀ ਮਿੱਟੀ,
ਮਿਲੀ ਰਹੇਗੀ ਤੇਰੇ ਵਿਚ ਇਸ ਤਰ੍ਹਾਂ।
ਤੂੰ ਹੀ ਦਸ ਖਾਂ,
ਮੇਰਿਆ ਪਿੰਡਾ,
ਭੁਲ ਸਕਦਾਂ ਮੈਂ ਤੈਨੂੰ ਕਿਸ ਤਰ੍ਹਾਂ।



**3**

ਮੈਨੂੰ ਯਾਦ ਹੈ,
ਬੀਕਾਨੇਰ ਦੇ ਟਿੱਬਿਆਂ ਦੇ ਵਿੱਚ,
ਨਹਿਰ ਦੇ ਕੰਢੇ,
ਇਕ ਚੱਕ ਸੀ।
ਆਲੇ ਦੁਆਲੇ,
ਕਰੀਰ ਤੇ ਕਿਕਰਾਂ,
ਜਾਂ ਫੇਰ ਡੋਡੀਆਂ ਵਾਲੇ ਅੱਕ ਸੀ।

ਦੂਰ ਦੂਰ ਤੱਕ,
ਨਹੀਂ ਸੀ ਦਿਸਦਾ,
ਉਥੇ ਕਿਤੇ ਭੀ ਪਾਣੀ।
ਸਾਡੇ ਬਜ਼ੁਰਗਾਂ,
ਨੇ ਉਥੇ ਆ ਕੇ,
ਪਾ ਲਈ ਇੱਕ ਢਾਣੀ।

ਅੱਗੇ ਨੂੰ,
ਜੇ ਪੈਰ ਵਧਾਵੇ,
ਉਹ ਪਿਛੇ ਨੂੰ ਜਾਵੇ।
ਤੁਰੋਂ ਤੁਸੀਂ,
ਜਦੋਂ ਮੰਜਿਲ ਵੱਲ ਨੂੰ,
ਉਹ ਅਗੇ ਅਗੇ ਧਾਵੇ।

ਢਾ ਢਾ ਟਿੱਬੇ,
ਪੱਧਰੇ ਕੀਤੇ,
ਉਹਨਾਂ ਪੁੱਟੇ ਅੱਕ ਕਰੀਰਾਂ।
ਉਸਦੇ ਨਾਲ ਹੀ
ਜੋੜ ਦਿੱਤੀਆਂ
ਉਹਨਾਂ ਆਪਣੀਆਂ ਤਕਦੀਰਾਂ।

ਉਜਾੜਾਂ ਦੇ ਵਿੱਚ,
ਕੱਟੀਆਂ ਰਾਤਾਂ,
ਉਹਨਾਂ ਸਿਰ ਸੱਪਾਂ ਦੇ ਫੇਹੇ,

ਰੁੱਖੇ ਸੁੱਖੇ,
ਟੁੱਕੜ ਖਾਧੇ,
ਕਦੇ ਸੱਜਰੇ ਕਦੇ ਬੇਹੇ।

ਆਪਣਾ ਖ਼ੂਨ,
ਪਸੀਨਾ ਕਰਕੇ,
ਉਹਨਾਂ ਧਰਤੀ ਤੇ ਪਾਇਆ।
ਉਹਨਾਂ ਦੀ ਮਿਹਨਤ
ਦਾ ਇਹ ਸਦਕਾ,
ਉਹ ਟਿੱਬਾ ਲਹਿਰਾਇਆ।

**4**
ਸੰਤਰਿਆਂ ਦੇ,
ਅੱਜ ਬਾਗ ਨੇ ਉਥੇ,
ਜਿਥੇ ਹੁੰਦੇ ਸੀ ਅੱਕ ਕਰੀਰਾਂ।
ਆਪਣੇ ਹੱਥੀਂ,
ਆਪ ਉਹਨਾਂ ਨੇ ਵਾਹੀਆਂ,
ਆਪਣੀ ਕਿਸਮਤ ਦੀਆਂ ਲਕੀਰਾਂ।

ਇੰਜ ਦੁਆਬੇ ਦੇ ਅੰਬ ਆ ਕੇ,
ਰੇਗਿਸਤਾਨ ਦੇ,
ਅੱਕਾਂ ਵਿੱਚ ਲਗ ਗਏ।
ਇੰਜ ਵੀਰਾਨ ਤੇ,
ਸੁੰਨਸਾਨ ਜਗ੍ਹਾ ਵਿੱਚ,
ਆਸਾਂ ਦੇ ਦੀਵੇ ਜਗ ਗਏ।

ਕਾਇਮ ਉਹਨਾਂ,
ਸਰਦਾਰੀ ਕੀਤੀ,
ਇਕ ਸੋਹਣਾ ਪਿੰਡ ਵਸਾਇਆ।
ਜੰਗਲ ਵਿੱਚ,
ਜਿਹਨੂੰ ਮੰਗਲ ਕਹਿੰਦੇ,
ਉਹੋ ਉਹਨਾਂ ਸੱਚ ਕਰ ਦਿਖਾਇਆ।



ਪਰ ਆਪਣੀ ਮਿਠਾਸ,
ਨਾ ਛੱਡੀ ਅੰਬਾਂ,
ਕਈ ਔਖੇ ਸਮੇਂ,
ਉਹ ਅੱਕ ਚੱਬ ਝਲ ਗਏ।
ਤੇਰੇ ਆਲੇ ਦੁਆਲੇ ਦੀ,
ਜ਼ਮੀਨ ਦਾ ਉਹੋ,
ਕਾਫੀ ਹਿੱਸਾ ਮੱਲ ਗਏ।

**5**
ਚੌਂਕ ਦੀ,
ਇਕ ਖੂੰਜ 'ਤੇ ਹੁੰਦਾ ਸੀ,
ਸਾਡੇ ਬਾਬੇ ਦਾ ਇਕ ਤਖ਼ਤ।
ਸਜ਼ਾ ਬੈਂਤ ਦੀ,
ਉਹੋ ਸੀ ਦਿੰਦਾ,
ਲੰਬੜਦਾਰ ਸੀ ਕਹਿੰਦੇ ਸਖ਼ਤ।

ਚੌਂਕ ਦੀ,
ਦੂਜੀ ਨੁਕਰ 'ਤੇ ਬੈਠਾ,
ਹੁੰਦਾ ਸੀ ਬਾਬਾ ਹਰਨਾਮਾ।
ਅੱਖਾਂ ਤੋਂ ਭਾਵੇਂ,
ਅੰਨ੍ਹਾ ਸੀ ਉਹ,
ਪਰ ਉਹ ਸੀ ਇਕ ਤਕੜਾ ਕਾਮਾ।

ਇਕ ਖੂੰਜ 'ਤੇ,
ਨਾਇਕਾ ਦੇ ਟੱਬਰ,
ਦੂਜੇ ਪਾਸੇ ਚਮਾਰ।
ਕੁਛ ਘਰ ਉਥੇ,
ਚੂਹੜਿਆਂ ਦੇ ਹੁੰਦੇ,
ਕਦੇ ਆਉਂਦੇ ਲੋਹਾਰ।

ਸਾਡੇ ਘਰਾਂ ਦੇ,
ਪਿੱਛੇ ਹੁੰਦਾ ਸੀ,
ਇਕ ਚੰਗਾ ਤਰਖ਼ਾਣ।

ਭੱਜੀ ਟੁੱਟੀ,
ਹਰ ਸ਼ੈ ਠੀਕ ਕਰਾਉਣ ਲਈ,
ਲੋਕੀਂ ਉਥੇ ਜਾਣ।

ਥੋੜ੍ਹੇ ਜਿਹੇ,
ਉਹ ਨਾਲ ਸੰਦਾਂ ਦੇ,
ਸਾਰੇ ਕੰਮ ਸੀ ਕਰਦਾ।
ਇਸ ਦੇ ਬਦਲੇ,
ਸਾਉਣੀ ਹਾੜ੍ਹੀ,
ਹਰ ਕੋਈ ਘਰ ਉਹਦਾ ਸੀ ਭਰਦਾ।

**6**

ਦਾਣੇ ਪੀਹਣ ਲਈ,
ਖਰਾਸ ਜਦੋਂ ਲੱਗਾ,
ਬੰਦ ਹੋ ਗਈਆਂ ਚੱਕੀਆਂ।
ਜਿੰਨਾਂ ਤੇ ਪੀਹ ਪੀਹ,
ਸਾਡੀਆਂ ਦਾਦੀਆਂ,
ਕਦੇ ਸੀ ਰਹਿੰਦੀਆਂ ਥੱਕੀਆਂ।

ਇਕ ਪਾਸੇ,
ਸਕੂਲ ਸੀ ਹੁੰਦਾ,
ਦੂਜੇ ਪਾਸੇ ਪੰਚਾਇਤੀ ਘਰ।
ਚੌਂਕ ਦੀ ਨੁਕਰੇ,
ਡਿੱਗੀ ਕੋਲੇ,
'ਬਾਬੇ' ਦਾ ਸੀ ਹੁੰਦਾ ਦਰ।

ਚੜ੍ਹਦੇ ਵੱਲ ਨੂੰ,
ਇਕ ਅਹਾਤੇ ਵਿੱਚ,
ਹੁੰਦਾ ਸੀ ਬਾਬੇ ਦਾ ਚੁਬਾਰਾ।
ਜਿਸ ਤੇ ਚੜ੍ਹ ਕੇ,
ਸੀ ਨਜ਼ਰੀਂ ਆਉਂਦਾ,
ਸਾਡੇ ਪਿੰਡ ਦਾ ਨਜ਼ਾਰਾ।



**7**

ਮਸੂਸ ਪੁਰੀਆਂ ਦਾ,
ਇਕ ਘਰ ਸੀ ਹੁੰਦਾ,
ਨਾਲੇ 'ਬੀਕੋ' 'ਸਾਧੂ' ਮਾਮੇ।
ਕੁਛ ਟੱਬਰ ਸੀ,
ਹੁੰਦੇ ਕੰਬੋਆਂ ਦੇ,
ਜੋ ਸੀ ਚੰਗੇ ਕਾਮੇ।

ਸਾਡੇ ਪਿੰਡ ਦਾ,
ਭਾਈ ਸੀ ਹੁੰਦਾ,
ਇਕ ਲੱਤ ਤੋਂ ਲੰਗਾ।
ਸਾਰਾ ਦਿਨ,
ਉਹ ਪਾਠ ਸੀ ਕਰਦਾ,
ਬੰਦਾ ਸੀ ਉਹ ਚੰਗਾ।

'ਮੇਹਰ' 'ਕੇਹਰ' ਸਿੰਘ,
ਭਰਾ ਸੀ ਹੁੰਦੇ,
ਨਾਲ ਪੀਲੀ ਪੱਗ ਵਾਲਾ ਬਾਬਾ।
ਕਿਸੇ ਦੇ ਹੱਥ ਵਿੱਚ,
ਹੁੰਦਾ ਟੋਕਰਾ,
ਕਿਸੇ ਦੇ ਹੱਥ ਵਿਚ ਛਾਬਾ।

ਪਿੰਡ ਸਾਡੇ ਇਕ ਬੰਦਾ ਸੀ
ਵੈਦ, ਦਰਜੀ ਤੇ ਤੇਲੀ।
ਕਹਿੰਦੇ ਸੀ, ਉਹਨੂੰ ਰਹਿਮਾ ਤਾਇਆ,
ਸਾਡੇ ਭਾਈਏ ਦਾ ਸੀ ਉਹ ਬੇਲੀ।

ਇਕ ਹੁੰਦਾ ਸੀ ਕਵੀ,
ਤਾਇਆ ਤੇ,
ਇਕ ਬਾਬਾ ਗੰਗਾ ਸਿੰਘ।
ਇਕ ਹੁੰਦੀ ਸੀ
ਤਾਰੋ ਮਾਮੀ,
ਤੇ ਮਾਮਾ ਗੰਡਾ ਸਿੰਘ।

ਫਗਵਾੜੀਆਂ ਦਾ,
ਇਕ ਟੱਬਰ ਹੁੰਦਾ,
ਨਾਲੇ 'ਤਾਰਾ' 'ਪਿਆਰਾ'।
ਇਕ ਵੱਡਾ,
ਟੱਬਰ ਸੀ ਹੁੰਦਾ,
ਮੇਰਾ ਪਿੰਡ ਉਦੋਂ ਸਾਰਾ।

**8**

ਸਵੇਰ ਹੁੰਦੀ,
ਜਦ ਵੱਡੇ ਤੜਕੇ,
ਚੜ੍ਹਦਾ ਵੱਡਾ ਤਾਰਾ।
ਹੌਲੀ ਹੌਲੀ ਸੀ,
ਜਿਉਂਦਾ ਹੁੰਦਾ,
ਮੇਰਾ ਪਿੰਡ ਹੀ ਸਾਰਾ।

ਕੁੱਕੜ ਸਵੇਰ ਨੂੰ,
ਬਾਂਗਾਂ ਦਿੰਦੇ,
ਰੌਲਾ ਪਾਉਂਦੇ ਚਿੜੀਆਂ ਤੋਤੇ।
ਬਲਦ ਹੱਕ,
ਖੇਤਾਂ ਵੱਲ ਨੂੰ ਤੁਰਦੇ,
ਜਾ ਕੋਈ ਚੜ੍ਹਕੇ ਉਤੇ ਬੋਤੇ।
ਕਿਸ ਨੇ,
ਪੂਰਾ ਇਸ਼ਨਾਨ ਸੀ ਕੀਤਾ,
ਬਹੁਤਿਆਂ ਤਾਂ ਹੱਥ ਪੈਰ ਹੀ ਧੋਤੇ।
ਆਪੋ ਆਪਣੇ,
ਕੰਮੀਂ ਤੁਰ ਪਏ,
ਲੋਕੀ ਉਥੇ ਲਾਉਣ ਲਈ ਜੋਤੇ।

ਕੋਈ ਲੱਗ ਜਾਂਦੀ,
ਚੁੱਲ੍ਹੇ ਚੌਂਕੇ,
ਕੋਈ ਮੱਝਾਂ ਚੋਣ ਨੂੰ ਜਾਵਣ।
ਇਕੱਠੀਆਂ ਹੋ ਕੇ,
ਸਭ ਪਿੰਡ ਦੀਆਂ ਮਧਾਣੀਆਂ,



ਖਰੜ ਖਰੜ ਕਰ ਰੌਲਾ ਪਾਵਣ।
ਯਾਦ ਕਰ ਗੱਲਾਂ,
ਉਹ ਰਾਤ ਦੀਆਂ,
ਅੰਦਰੋ ਅੰਦਰ ਹੀ ਮੁਸਕਾਵਣ।

ਦੇ ਕੇ ਥਾਪੀ,
ਬੂਰੀ ਮੱਝ ਨੂੰ,
ਕੱਢ ਲਿਆਈਆਂ ਕਈ ਧਾਰਾਂ।
ਨਿਰਾਸ਼ ਜੱਟੀ ਮੋੜੀ,
ਕਦੇ ਕਿਸੇ ਤੋਕੜ ਨੇ,
ਮੇਰੇ ਪਿੰਡ ਕਈ ਵਾਰਾਂ।

ਭੱਤਾ ਲੈ ਕੇ,
ਤੁਰ ਪਈ ਖੇਤਾਂ ਨੂੰ,
ਕੋਈ ਜੱਟੀ ਕਰਮਾਂ ਵਾਲੀ।
ਮੂੰਹ ਚੁਕ,
ਤਕਦੇ ਪਿੰਡ ਵੱਲ ਨੂੰ,
ਭੁੱਖੇ ਤਿਹਾਏ ਕਈ ਹਾਲੀ।

ਗੋਡਿਆਂ ਤੱਕ,
ਰੇਤੇ ਨਾਲ ਲਿਬੜੇ,
ਮੁੜ੍ਹਕੇ ਨਾਲ ਭਿੱਜੇ,
ਉਹਨਾਂ ਦੇ ਝੱਗੇ।
ਠੱਣਕ ਠੱਣਕ ਕਰ,
ਠੱਣਕਾਉਂਦੇ ਟੱਲੀਆਂ,
ਹਲਾਂ ਤੇ ਜੁੜੇ,
ਲਾਖੇ ਤੇ ਬੱਗੇ।

ਮਿੱਸੀ ਰੋਟੀ ਖਾ,
ਨਾਲ ਗੰਢੇ ਦੇ,
ਦੋ ਲੱਸੀ ਦੇ ਘੁਟ ਭਰਦੇ।
ਉਹਦੇ ਨਾਲ ਹੀ,
ਦੁਪਹਿਰ ਤੀਕਰ ਉਹ,

ਫੇਰ ਗੁਜ਼ਾਰਾ ਕਰਦੇ।

ਬਹਿੰਗੀ ਤੇ ਚੁੱਕ,
ਪਾਣੀ ਦੇਂਦਾ,
ਸਾਡੇ ਪਿੰਡ ਦਾ ਝੀਰ।
ਕਦੇ ਕਦੇ ਸੀ,
ਉਹਨੂੰ ਦੇਂਦੇ,
ਜਦ ਬਣਦੀ ਸੀ ਖੀਰ।

ਚੁੱਕ ਬਸਤੇ,
ਤੁਰ ਪੈਂਦੇ,
ਸਕੂਲ ਨੂੰ ਮੁੰਡੇ ਤੇ ਕੁੜੀਆਂ।
ਗੋਹਾ ਕੂੜਾ,
ਕਰਦੀਆਂ ਦਿੱਸਣ,
ਕਿਧਰੇ ਪਿੰਡ ਦੀਆਂ ਬੁੜ੍ਹੀਆਂ।

ਵਿਰਲੀਆਂ ਵਿਰਲੀਆਂ,
ਹਾਲੇ ਭੀ ਆਵਣ,
ਕਿਧਰੇ ਕੁਕੜਾਂ ਦੀਆਂ ਬਾਂਗਾਂ।
ਜਾਂ ਫੇਰ ਕੋਈ,
ਖਚਰਾ ਮੁੰਡਾ,
ਲਾ ਰਿਹਾ ਸੀ ਉਹਨਾਂ ਦੀਆਂ ਸਾਂਗਾਂ।

9

ਗਰਮੀ ਰੁਤੇ,
ਭਰੇ ਦੁਪਹਿਰੇ,
ਲੋਕੀਂ ਨਿੰਮਾਂ ਛਾਂਵੇਂ ਜਾ ਬਹਿੰਦੇ।
ਦਿਉਰ ਭਾਬੀ,
ਉਹ ਉਥੇ ਖੇਡਣ,
ਜਾਂ ਫੇਰ ਸ਼ਰਦਾਈ ਰਗੜਦੇ ਰਹਿੰਦੇ।
"ਤੂੰ ਧੋਖਾ ਕੀਤਾ,"
"ਠੀਕ ਨਹੀਂ ਵੰਡਿਆ,"
ਇਸੇ ਗੱਲ ਤੇ ਝਗੜਦੇ ਰਹਿੰਦੇ।



ਬਣ ਜਾਂਦਾ,
ਜੇ ਕੋਈ ਭਾਵੀ,
ਉਹੀ ਤਾਸ਼ ਨੂੰ ਪੀਠੇ।
ਬੱਚੇ ਖੇਡਦੇ,
ਨਾਲ ਕੋਡੀਆਂ,
ਜਾਂ ਫੇਰ ਕਾਲੇ ਰੀਠੇ।

ਖੁੱਦੋ ਖੂੰਡੀ,
ਤੇ ਗੁੱਲੀ ਡੰਡਾ,
ਹੁੰਦੇ ਸੀ ਪਰਧਾਨ।
ਗੁੱਲੀ ਇਕ,
ਘੜਾਉਣ ਦੀ ਖਾਤਿਰ,
ਮਿੰਨਤਾਂ ਕਰਾਉਂਦਾ ਸੀ ਤਰਖਾਣ।

ਨਿੱਕੇ ਹੁੰਦਿਆਂ,
ਭੱਜੇ ਸੀ ਫਿਰਦੇ,
ਟਿਬਿਆਂ ਉਤੇ ਖੇਡਦੇ।
ਕਦੇ ਭਜਦੇ,
ਕੁੱਤਿਆਂ ਦੇ ਪਿਛੇ,
ਜਾਂ ਫੇਰ ਲੇਲੇ ਭੇਡ ਦੇ।

ਪੂਛ ਫੜਕੇ,
ਕਦੇ ਕਿਸੇ ਮੱਝ ਦੀ,
ਛੱਪੜ ਵਿੱਚ ਜਾ ਵੜਦੇ ਸੀ।
ਜਾਂ ਡਰਦੇ ਬੇਬੇ ਦੀਆਂ ਝਿੜਕਾਂ ਤੋਂ,
ਛੱਪੜ ਕੰਢੇ ਖੜ੍ਹਦੇ ਸੀ।

ਇਕੱਠੇ ਹੋ,
ਬੇਰੀਆਂ ਦੇ ਥਲਿਉਂ,
ਚੁਗਣ ਲੱਗ ਪੈਂਦੇ ਬੇਰ।
ਘਰ ਆਉਂਦਿਆਂ,
ਪੁੱਛ ਗਿੱਛ ਹੁੰਦੀ,
ਕਿਥੇ ਲਾਈ ਐਨੀ ਦੇਰ।

ਪਿੰਡ ਦੀਆਂ ਕੁੜੀਆਂ,
ਇਕੱਠਿਆਂ ਹੋ ਕੇ,
ਰੰਗ ਬਿਰੰਗੇ ਫੁੱਲ ਪਈਆਂ ਕੱਢਣ।
ਜਾਂ ਬੁਣਨ ਲਈ,
ਉਹੋ ਦਰੀਆਂ,
ਬਰਾਂਡਿਆਂ ਦੇ ਵਿਚ ਕੀਲੇ ਗੱਡਣ।

ਕੋਈ ਮਾਈ,
ਪਈ ਉਥੇ ਕੱਤੇ
ਕੋਈ ਪਈ ਕਪਾਹ ਨੂੰ ਬੇਲੇ।
ਕੋਈ ਗੁੱਡੀ,
ਲੈ ਕਪੜੇ ਦੀਆਂ ਗੁੱਡੀਆਂ,
ਲਗੀ ਹੋਈ ਸੀ ਆਪੇ ਖੇਲੇ।

ਇੰਜ ਉਥੇ,
ਦੁਪਹਿਰ ਸੀ ਕਟਦਾ,
ਸਖਤ ਗਰਮੀਆਂ ਦੀ ਰੁੱਤੇ।
ਘੇਸਲ ਵੱਟ,
ਕੋਈ ਪਿਆ ਸੀ ਰਹਿੰਦਾ,
ਮੁੰਜ ਦੇ ਮੰਜਿਆਂ ਉਤੇ।

**10**
'ਬੱਧੇ' ਦੀ ਹੱਟੀ ਤੇ ਕਈ ਵਾਰ,
ਜਦ ਸੌਦੇ ਲਈ ਜਾਂਦੇ।
ਲੈਣ ਲਈ,
ਉਹ ਤੋਂ ਕੁਝ ਰਿਉੜੀਆਂ,
ਕਈ ਵਾਰ ਸੀ ਤਰਲੇ ਪਾਂਦੇ।

ਮੇਲਾ ਭੱਠੀ ਉਤੇ ਲਗਦਾ,
ਜਦ ਦਾਣੇ ਭੁੰਨਦੀ ਝੀਰੀ।
ਪਤਲੀ ਸੀ ਉਹ ਚਰਮਖ ਵਰਗੀ,
ਰੰਗ ਕਾਲਾ ਤੇ ਅਖੋਂ ਟੀਰੀ।



ਦਾਣੇ ਲੈ ਕੇ,
ਕੁਝ ਆਪਣੇ ਘਰ ਤੋਂ,
ਭੱਠੀ ਵਾਲੀ ਦੇ ਥੜ੍ਹੇ ਜਾ ਚੜ੍ਹਦੇ।
"ਕੱਢ ਲਿਆ ਤੂੰ,
ਬਹੁਤਾ ਭਾੜਾ,"
ਇਸੋ ਗੱਲੋਂ ਉਹਦੇ ਨਾਲ ਲੜਦੇ।

ਕਈ ਵਾਰ,
ਕਰ ਇਕੱਠੀਆਂ ਮੱਝਾਂ,
ਇਕੱਠੇ ਹੋ ਚਰਾਉਂਦੇ।
ਬਹਿਕੇ ਇਕ ਸਗਾਹ ਦੀ ਛਾਵੇਂ,
ਵਾਰੀ ਵਾਰੀ ਗਾਉਂਦੇ।
ਜਾਂ ਫੇਰ ਖਿਝਾਉਣ ਲਈ,
ਕਦੇ ਕਿਸੇ ਨੂੰ,
ਉਹਦੀਆਂ ਸਾਂਗਾਂ ਲਾਉਂਦੇ।

ਸ਼ਰਤਾਂ ਲਾ ਕੇ,
ਇਕ ਦੂਜੇ ਤੋਂ ਅੱਗੇ,
ਟਪਦੇ ਸੀ ਅਸੀਂ ਕੱਚੇ ਖਾਲ।
ਆਪਣੇ ਆਪ ਨੂੰ,
ਨਾਢੂ ਖਾਂ ਸਮਝੇ,
ਮਾਰਦਾ ਸੀ ਜੋ ਵੱਡੀ ਛਾਲ।

**11**
ਸ਼ਾਮ ਪਈ ਤੋਂ,
ਮੁੜਕੇ ਆਉਂਦੇ,
ਵੱਗ ਮੱਝਾਂ ਤੇ ਗਾਵਾਂ ਦੇ।
ਹਰ ਪਾਸੇ,
ਮੇਲਾ ਜਿਹਾ ਲਗਦਾ,
ਮੇਰੇ ਪਿੰਡ ਦੀਆਂ ਰਾਹਵਾਂ ਦੇ।

ਸ਼ਾਮ ਪੈਣ ਸਾਰ,
ਦਿਨ ਦੇ ਥੱਕੇ,

ਹਾਲੀ ਖੇਤੋਂ ਆਉਂਦੇ।
ਕਿਸੇ ਨੇ ਪੰਡ ਸੀ,
ਸਿਰ ਤੇ ਚੁੱਕੀ,
ਕਈ ਗੱਡੇ ਲੱਦ ਲਿਆਉਂਦੇ।

ਪਿੰਡ ਦੀਆਂ ਕੁੜੀਆਂ,
ਘੜਿਆਂ ਨੂੰ ਚੁੱਕ,
ਪਾਣੀ ਲੈਣ ਲਈ ਤੁਰ ਜਾਂਦੀਆਂ।
ਹੌਲੀ ਹੌਲੀ,
ਕਰਨ ਉਹ ਗੱਲਾਂ,
ਇਕ ਦੂਜੀ ਨਾਲ ਮੁਸਕਾਂਦੀਆਂ।

ਬੜੀ ਮੜਕ ਨਾਲ,
ਪੈਰ ਉਹ ਪੁੱਟਣ,
ਭੋਰਨ ਅੱਡੀਆਂ ਨਾਲ ਪਤਾਸੇ।
ਮੋਤੀ ਭੀ,
ਨੀਂਵੀ ਪਾ ਲੈਂਦੇ,
ਤੱਕ ਉਹਨਾਂ ਦੇ ਸੋਹਣੇ ਦੰਦਾਸੇ।

ਕੁਤਰੇ ਵਾਲੀਆਂ,
ਮਸ਼ੀਨਾਂ ਚੱਲਣ,
ਰਲ ਉਹਨਾਂ ਪਿੰਡ ਵਿੱਚ ਰੌਲਾ ਪਾਇਆ।
ਕੋਈ ਪਿਆ ਕਲਾਵੇ ਲਾਵੇ,
ਸਿਰ ਕਿਸੇ ਨੇ ਟੋਕਰਾ ਚਾਇਆ।

ਚਹਿਕ ਮਹਿਕ,
ਹੁੰਦੀ ਹਰ ਪਾਸੇ,
ਹਰ ਰਾਹ ਤੇ ਧੁੱਦਲ ਉਡਦੀ।
ਕਦੇ ਕਦਾਈਂ ਨਜ਼ਰੀਂ ਆਉਂਦੀ,
ਕੋਈ ਹਾਲੇ ਭੀ ਮੱਕੀ ਗੁਡਦੀ।

ਕਾਕਾ ਆ ਕੇ ਰੋਟੀ ਖਾ ਲੈ,
ਮਾਂ ਪਈ ਕੋਈ ਬੁਲਾਵੇ।



ਜਾਂ ਕੋਈ ਚੋਗੀ,
ਸਾਰੇ ਦਿਨ ਦੀ,
ਚੁਗੀ ਹੋਈ ਕਪਾਹ ਤੁਲਾਵੇ।

**12**
ਚੰਦ ਜਦੋਂ ਕਿਤੇ,
ਪੂਰਾ ਚਮਕੇ,
ਕੁਛ ਪੁੰਨਿਆਂ ਦੀਆਂ ਰਾਤਾਂ।
ਰੇਤੇ ਵਿੱਚ,
ਰਲ ਕਬੱਡੀ ਖੇਲਦੇ,
ਜਾਂ ਬੈਠ ਕੇ ਪਾਉਂਦੇ ਬਾਤਾਂ।

ਦਿਨ ਛੁਪਦੇ ਸਾਰ,
ਨ੍ਹੇਰਾ ਹੁੰਦਾ,
ਬੱਸ ਦੀਵੇ ਦੀ ਲੋਅ ਮਿੰਨੀ।
ਬਾਕੀ ਸਭ ਕੰਮ,
ਉਸ ਨਾਲ ਕਰਦੇ,
ਉਹ ਲੱਗਦੀ ਸੀ ਚੰਗੀ ਕਿੰਨੀ।

**13**
ਕੁੱਤੇ ਭੌਂਕਣੋਂ,
ਬੰਦ ਹੋ ਜਾਂਦੇ,
ਸਾਰਾ ਪਿੰਡ ਸੌਂ ਜਾਂਦਾ।
ਟਿਕੀ ਰਾਤ ਤੋਂ,
ਦੂਰ ਕਿਤੇ ਕੋਈ,
ਨੱਕੋ ਮੋੜਦਾ ਜੱਟ ਸੀ ਗਾਂਦਾ।
ਵੱਡਾ ਤਾਰਾ,
ਫੇਰ ਜਦੋਂ ਚੜ੍ਹਦਾ,
ਇਕ ਦਿਨ ਹੋਰ,
ਬੱਸ ਇੰਜ ਹੀ ਆਂਦਾ।

**14**
ਕਦੇ ਕਦਾਈਂ,
ਕੋਈ ਨਕਲਾਂ ਵਾਲਾ,

ਸਾਡੇ ਪਿੰਡ ਨਕਲਾਂ ਲਾਉਂਦਾ ਸੀ।
ਉਲ ਜਲੂਲ ਜਿਹੀਆਂ,
ਕਰਕੇ ਗੱਲਾਂ,
ਉਹ ਲੋਕਾਂ ਤਾਈਂ ਹਸਾਉਂਦਾ ਸੀ।
ਵਿਆਹ ਜਦੋਂ,
ਕਿਸੇ ਘਰ ਵਿਚ ਹੁੰਦਾ,
ਹਰ ਕੋਈ ਉਥੇ ਆਉਂਦਾ ਸੀ।
ਹਰ ਕੋਈ,
ਭਰ ਕੇ ਦੁੱਧ ਦੇ ਦੋਨੇ,
ਵਿਆਹ ਵਾਲਿਆਂ ਦੇ ਘਰ ਪਹੁੰਚਾਉਂਦਾ ਸੀ।

ਰੱਥ ਘੋੜਿਆਂ,
ਤੇ ਊਠਾਂ ਤੇ ਚੜ੍ਹ,
ਜਦ ਵਿਆਂਹਦੜ ਪਿੰਡ ਵਿੱਚ ਢੁਕਦਾ ਸੀ।
ਕੋਈ ਜੱਟ ਪਿਆ,
ਮੱਘੋ ਕਢਦਾ,
ਜਾਂ ਊਠ ਕਿਸੇ ਦਾ ਬੁੱਕਦਾ ਸੀ।

ਪਿੰਡ ਦੀਆਂ ਕੁੜੀਆਂ,
ਹੋ ਕੇ ਇਕੱਠੀਆਂ,
ਵਿਆਹ ਵਾਲੇ ਦੇ ਘਰ ਆਉਂਦੀਆਂ ਸੀ।
ਕਢਦਿਆਂ ਊਹੋ,
ਰੋੜ ਦਾਲਾਂ 'ਚੋ,
ਨਾਲ ਨਾਲ ਉਹ ਗਾਉਂਦੀਆਂ ਸੀ।
ਕਰ ਕਰ,
ਅੱਖਾਂ ਨਾਲ ਇਸ਼ਾਰੇ,
ਉਹ ਬੁੱਲਾਂ ਵਿੱਚ ਮੁਸਕਾਉਂਦੀਆਂ ਸੀ।

ਜਦ ਕਿਸੇ ਦੇ,
ਮੁੰਡਾ ਜੰਮਦਾ,
ਉਹ ਖੁਸਰੇ ਸੱਦ ਨਚਾਉਂਦੇ ਸੀ।
ਲੋਹੜੀ ਵਾਲੇ ਦਿਨ,
ਸਾਰੇ ਇਕੱਠੇ ਹੋ ਕੇ,



ਉਸ ਘਰ ਲੋਹੜੀ ਮੰਗਣ ਆਉਂਦੇ ਸੀ।
ਜਗ ਮਗ ਜਗ ਮਗ,
ਪਿੰਡ ਕਰ ਉੱਠਦਾ,
ਜਦੋਂ ਦਿਵਾਲੀ ਆਉਂਦੀ ਸੀ।
ਹਰ ਘਰ ਦੀ ਮਾਲਕਣ,
ਉਸ ਵੇਲੇ,
ਆਪਣੇ ਘਰ ਲਿਪਾਉਂਦੀ ਸੀ।

ਮਿੱਟੀ ਦੇ ਦੀਵੇ,
ਬਾਲ ਬਾਲ ਕੇ,
ਬਨੇਰਿਆਂ ਉਤੇ ਰੱਖਦੇ ਸੀ।
ਹਵਾ ਨਾਲ,
ਉਹ ਜਦ ਬੁਝ ਜਾਂਦੇ,
ਮੁੜ ਜਗਾ ਜਗਾ ਨਾ ਥੱਕਦੇ ਸੀ।

**15**
ਕਦੇ ਕਦਾਂਈਂ,
ਪਿੰਡ ਵਿੱਚ ਆਉਂਦਾ,
ਲੈ ਕੇ ਕੋਈ ਵੰਗਾਂ।
ਨੂੰਹ ਕਹੇ,
ਸਸੜੀਏ ਵੰਗਾਂ ਚੜ੍ਹਾ ਦੇ,
ਮੈਂ ਪੁਤ ਤੇਰੇ ਤੋਂ ਸੰਗਾਂ।

ਕੋਈ ਕੁੜੀ ਕੁਆਰੀ,
ਮਾਂ ਆਪਣੀ ਨੂੰ,
ਵੰਗਾਂ ਲਈ ਤਰਲੇ ਪਾਉਂਦੀ।
ਦਾਣਿਆਂ ਦੇ ਛਾਬੇ ਦੇ ਬਦਲੇ,
ਫੇਰ ਕੁਛ ਉਹ ਵੰਗਾਂ ਚੜ੍ਹਾਉਂਦੀ।
ਕਦੇ ਕਦਾਈਂ,
ਜਦ ਪਿੰਡ ਮੇਰੇ ਵਿੱਚ,
ਕੋਈ ਬੱਚਾ ਬੁੱਢਾ ਮਰ ਜਾਂਦਾ।
ਪਿੰਡ ਦੇ,
ਹਰ ਘਰ ਦਾ ਜੀਅ,
ਅਫਸੋਸ ਲਈ ਓਸ ਘਰ ਜਾਂਦਾ।

**16**

ਕਾਲੀ ਬੋਲੀ,
ਕਦੇ ਆਉਂਦੀ ਸੀ ਹਨੇਰੀ,
ਇਹ ਮੈਨੂੰ ਹੈ ਆਉਂਦਾ ਚੇਤਾ।
ਅੰਬਰਾਂ ਉਤੇ,
ਉਦੋਂ ਚੜ੍ਹ ਜਾਂਦਾ ਸੀ,
ਖੰਡ ਵਰਗਾ
ਤੇਰਾ ਕੱਕਾ ਰੇਤਾ।

ਮੀਂਹ ਪੈਣ ਤੇ,
ਭਰ ਜਾਂਦੇ ਸੀ,
ਮੇਰੇ ਪਿੰਡ ਦੇ ਟੋਏ ਸਾਰੇ।
ਕੱਚੇ ਘਰਾਂ ਦੀਆਂ,
ਚੋਂਦੀਆਂ ਛੱਤਾਂ,
ਥਾਂ ਥਾਂ ਉਤੋਂ ਚੋਂਦੇ ਢਾਰੇ।
ਗੜੈਂ ਗੜੈਂ,
ਜਦੋਂ ਡੱਡੂ ਕਰਦੇ,
ਲੱਗਦੇ ਸੀ ਉਹ ਕਿੰਨੇ ਪਿਆਰੇ।

ਗਿੱਲਾ ਬਾਲਣ,
ਚੜ੍ਹੀ ਕੜਾਹੀ,
ਘਰ ਘਰ ਦੇ ਵਿੱਚ ਪਕਦੇ ਪੂੜੇ।
ਕੰਮ ਲੱਗੀ ਹੋਈ,
ਕਿਸੇ ਨਵੀਂ ਵਿਆਹੀ ਦੇ,
ਛਨਣ ਛਨਣ ਪਏ ਛਨਕਣ ਚੂੜੇ।

ਕੋਹ ਕੋਹ ਲੰਮੀਆਂ,
ਸਿਆਲ ਦੀਆਂ ਰਾਤਾਂ,
ਪਤਾ ਨਹੀਂ ਸੀ ਗੁਜ਼ਾਰੀਆਂ ਕਿੰਨੀਆਂ।
ਸੁਤੇ ਪਿਆਂ ਨੂੰ,
ਵਿੱਚ ਬਿਸਤਰ ਦੇ,
ਬੇਬੇ ਦੇਂਦੀ ਹੁੰਦੀ ਸੀ ਪਿੰਨੀਆਂ।



**17**

ਸਾਡਾ ਪਿੰਡ,
ਉਦੋਂ ਇੰਜ ਸੀ ਲੱਗਦਾ,
ਜਿਵੇਂ ਸਾਰੇ ਆਪਣੇ ਸੀ ਘਰ ਦੇ।
ਦਿਨ ਰਾਤ,
ਭੱਜੇ ਸੀ ਫਿਰਦੇ,
ਅਸੀਂ ਬਿਨਾਂ ਕਿਸੇ ਭੀ ਡਰ ਦੇ।

ਯਾਦ ਹੈ ਮੈਨੂੰ,
ਮੇਰੇ ਪਿੰਡ ਦਿਆਂ
ਕਾਂ, ਕਬੂਤਰ ਅਤੇ ਘੁੱਗੀਆਂ।
ਯਾਦ ਹੈ ਮੈਨੂੰ,
ਕੱਚੇ ਕੋਠੇ,
ਇਕ ਚੁਬਾਰਾ ਤੇ ਕੁਝ ਝੁੱਗੀਆਂ।

ਪਿੰਡ ਛੱਡ,
ਪਹਿਲਾਂ ਸ਼ਹਿਰ ਅਪੜਿਆ
ਮੈਨੂੰ ਹੋਸਟਲ ਘਰਦਿਆਂ ਪਾਇਆ।
ਅੰਨ ਪਾਣੀ,
ਦਾਤੇ ਕਈ ਥਾਂ ਲਿਖਿਆ,
ਬੱਸ ਦੂਰ ਤੈਥੋਂ ਮੈਂ ਹੁੰਦਾ ਹੀ ਆਇਆ।

ਮੈਨੂੰ ਯਾਦ ਹੈ,
ਇਕ ਦਿਨ ਸਭ ਘਰਦੇ,
ਮੈਨੂੰ ਬੱਸ ਅੱਡੇ ਛਡਣ ਸੀ ਆਏ।
ਇੰਜ ਲੱਗਦਾ,
ਤੇਰੇ ਪਿੰਡ ਦੇ ਲੋਕੀ,
ਮੈਨੂੰ ਤੇਰੀ ਜੂਹ 'ਚੋਂ ਕੱਢਣ ਸੀ ਆਏ।

**18**

ਤੇਰੇ ਟਿੱਬਿਆਂ ਤੋਂ,
ਉਠਕੇ ਅੱਜ ਅਸੀਂ,
ਅਮਰੀਕਾ ਦੇ ਵਿੱਚ ਵੱਸ ਗਏ ਹਾਂ।

ਛੱਡ ਕੇ ਉਹ,
ਜੱਦੀ ਸਰਦਾਰੀ,
ਇਕ ਚੂਹੇ ਦੌੜ ਵਿੱਚ ਫਸ ਗਏ ਹਾਂ।

ਘੜੀ ਨਾਲ ਉਠਣਾ,
ਘੜੀ ਨਾਲ ਸੌਣਾ।
ਘੜੀ ਨਾਲ ਹੱਸਣਾ,
ਘੜੀ ਨਾਲ ਰੋਣਾ।

ਲੋਹੇ ਦੇ,
ਇਸ ਮੁਲਕ ਦੇ ਅੰਦਰ,
ਖੁਦ ਬਣ ਗਏ ਅਸੀਂ ਲੋਹੇ ਦਾ ਢਾਂਚਾ।
ਇਕੱਠੇ ਕਰ ਲਏ,
ਭਾਵੇਂ ਕੁਝ ਛਿੱਲੜ,
ਪਰ ਲਗਦਾ ਸਾਡਾ ਸਭ ਕੁਛ ਗੁਵਾਚਾ।

ਤੇਰੇ ਕੋਲ ਰਹਿੰਦਿਆਂ,
ਅਸੀਂ ਦੇਖੇ ਜਿਸਦੇ ਸੁਪਨੇ,
ਦੇਸ਼ ਨਹੀਂ ਇਹ ਪਰੀਆਂ ਦਾ।
ਤਨ ਦੇ ਚਿੱਟੇ,
ਪਰ ਮਨ ਦੇ ਕਾਲੇ,
ਲੋਕਾਂ ਖ਼ਰੀਆਂ ਖਰੀਆਂ ਦਾ।

ਪੈਸੇ ਦੇ ਸਭ,
ਪੁਤ ਨੇ ਏਥੇ,
ਕਿਸੇ ਨੂੰ ਕਿਸੇ ਨਾਲ ਪਿਆਰ ਨਹੀਂ।
ਪਰ ਛਿਲੜਾਂ ਦਾ,
ਮੋਹ ਹੈ ਐਸਾ,
ਕੋਈ ਛੱਡਣ ਲਈ ਤਿਆਰ ਨਹੀਂ।

**19**
ਆਉਂਦੇ ਜਾਂਦੇ,
ਇਕ ਸੱਜਣ ਦੇ ਹੱਥ,



ਮੈਨੂੰ ਤੇਰਾ ਸੁਨੇਹਾ ਮਿਲ ਗਿਆ।
ਸੁਣ ਕੇ ਹਾਲ,
ਤੇਰਾ ਐਨਾ ਮਾੜਾ,
ਕੰਬ ਮੇਰਾ ਸੀ ਦਿਲ ਗਿਆ।

ਸੁਣਿਆ ਹੈ ਹਾਲੇ ਤੇਰੇ ਅੰਦਰ,
ਲੋਕ ਤਾਂ ਉਂਞ ਹੀ ਵਸਦੇ ਨੇ।
ਕੁਛ ਚਲੇ ਗਏ,
ਕੁਛ ਨਵੇਂ ਆਏ
ਤੇਰੀ ਗੋਦ 'ਚ ਵਸਦੇ ਨੇ।

ਪਰ ਰਾਤਾਂ ਨੂੰ,
ਤੂੰ ਸਹਿਮਿਆਂ ਜਾਪੇਂ,
ਸਹਿਮੇ ਲੋਕੀਂ ਘਰਦੇ।
ਆਪਣੇ ਘਰਾਂ,
ਅੰਦਰ ਭੀ ਬੈਠੇ,
ਲੋਕ ਰਾਤਾਂ ਨੂੰ ਡਰਦੇ।

ਰਾਤ ਨੂੰ,
ਜਦ ਪਿੰਡ ਸਾਡਾ ਸੁੱਤਾ,
ਕੋਈ ਜੀਪ ਪਿੰਡ ਵਿੱਚ ਆਉਂਦੀ ਹੈ।
ਤਾੜ ਤਾੜ ਫੇਰ,
ਆਵਾਜ਼ ਗੋਲੀਆਂ ਦੀ,
ਸੁੱਤੇ ਲੋਕ ਜਗਾਉਂਦੀ ਹੈ।
ਫੌਜਾਂ ਦੀ ਟੁਕੜੀ,
ਲੈ ਮਸ਼ੀਨਗੰਨਾਂ ਨੂੰ,
ਲੋਕਾਂ ਨੂੰ ਧਮਕਾਉਂਦੀ ਹੈ।
ਖੂਨ ਕਿਸੇ ਦਾ,
ਕਿਸੇ ਨੇ ਕੀਤਾ,
ਗਲ ਕਿਸੇ ਦੇ ਪਾਉਂਦੀ ਹੈ।

ਕੁਟ ਮਾਰ,
ਉਹ ਰਾਤ ਨੂੰ ਕਰਦੇ,

ਨਾਲੇ ਕੱਢਣ ਗਾਲ੍ਹਾਂ।
ਦੂਈ ਜੀਪ,
ਪਿੰਡ ਆ ਵੜਦੀ ਹੈ,
ਪਹਿਲੀ ਅਜੇ ਮੁੜੀ ਸੀ ਹਾਲਾਂ।

ਕੁੱਕੜ ਨਾ ਕੋਈ,
ਬਾਂਗਾਂ ਦੇਵੇ,
ਉਹ ਫੌਜੀ ਲੈ ਗਏ ਫੜਕੇ।
ਨਾ ਪਿੰਡ ਵਿੱਚ,
ਕੋਈ ਬੱਕਰਾ ਛਡਦੇ,
ਨਿਤ ਮਾਸ ਨੂੰ ਲਾਉਂਦੇ ਤੜਕੇ।

ਪਿੰਡ ਛੱਡ ਜੋ,
ਬਾਹਰ ਨੂੰ ਤੁਰ ਪਏ,
ਕੁਛ ਮੇਰੇ ਪਿੰਡ ਦੇ ਮੁੰਡੇ।
ਸਿਆਣੇ ਕਹਿਣ,
ਨਾ ਮੁੜਕੇ ਆਉਣਾ,
ਜਦ ਤਕ ਫਿਰਦੇ ਗੁੰਡੇ।

ਪਿੰਡ ਦੀਆਂ,
ਧੀਆਂ ਭੈਣਾਂ ਨੂੰ,
ਉਹ ਬੁਰੀ ਨਜ਼ਰ ਨਾਲ ਤੱਕਦੇ।
ਖੇਤਾਂ ਵਿੱਚ,
ਤੱਕ ਇਕੱਲੀ ਜ਼ਨਾਨੀ,
ਨਾ ਹੱਥ ਪਾਉਣੋਂ ਵੀ ਜੱਕਦੇ।

ਜਿਧਰ ਚੋਹਣ,
ਉਜਾੜਾ ਕਰਦੇ,
ਸਾਰੇ ਪਿੰਡ "ਸਰਕਾਰੀ ਢੱਟੇ।"
ਲੋਕਾਂ ਕੋਲੋਂ,
ਖੋਹ ਲੈ ਜਾਂਦੇ,
ਸਾਰੇ ਘਰ ਦੇ ਗਹਿਣੇ ਗੱਟੇ।



ਮੇਰੇ ਘਰ ਤੇ,
ਮੈਂ ਸੁਣਿਆ ਹੈ,
ਅੱਜ ਗੈਰਾਂ ਕੀਤਾ ਕਬਜ਼ਾ।
ਜੋ ਕਹਿੰਦੇ,
ਇਸ ਪਿੰਡ 'ਚ ਰਹਿਣਾ,
ਤਾਂ ਸਾਡਾ ਅੱਗੇ ਦਬ ਜਾ।

**20**
ਮੇਰੇ ਪਿੰਡ ਤੇ,
ਅੱਜ ਫੈਲਿਆ
ਇਕ ਜ਼ਾਲਮ ਦਾ ਸਾਇਆ।
ਮੇਰਾ ਪਿੰਡ,
ਉਹ ਪਿੰਡ ਨਾ ਰਿਹਾ,
ਪੈਰ ਜਿਸ ਦਿਨ ਉਸ ਪਾਇਆ।

ਜੋ ਕੁਛ,
ਤੇਰੇ ਨਾਲ ਹੋ ਰਿਹਾ,
ਪਤਾ ਹੈ ਸਾਰਾ,
ਭਾਂਵੇਂ ਦੂਰ ਹਾਂ ਮੈਂ।
ਆਪਣੇ ਝਮੇਲਿਆਂ 'ਚ,
ਫਸਿਆ ਬੈਠਾ,
ਹੋ ਕੇ ਹੁਣ ਮਜਬੂਰ ਹਾਂ ਮੈਂ।
ਔਖੇ ਵੇਲੇ,
ਤੇਰੇ ਕੰਮ ਨਾ ਆਇਆ।
ਤੇਰਾ ਗੁਨਾਹਗਾਰ ਜ਼ਰੂਰ ਹਾਂ ਮੈਂ।

ਮੇਰੇ ਬਜ਼ੁਰਗਾਂ ਦੇ,
ਲਹੂ ਪਸੀਨੇ ਦੀ,
ਤੇਰੀ ਮਿੱਟੀ ਵਿੱਚ ਖੁਸ਼ਬੋਈ।
ਜਿੰਨੀ ਦੇਰ ਹੈ,
ਸਾਹ ਇਸ ਤਨ ਵਿੱਚ,
ਛੱਡ ਸਕਦਾ ਹੈ,
ਭਲਾ ਉਹਨੂੰ ਵੀ ਕੋਈ।

ਮੈਂ ਆਵਾਂਗਾਂ,
ਉਸ ਦਿਨ ਪਿੰਡ,
ਜਿਸ ਦਿਨ ਮੇਰਾ ਘਰ ਹੋਵੇਗਾ।
ਆਪਣੇ ਘਰ,
ਅੰਦਰ ਬੈਠੇ ਨੂੰ,
ਜਦੋਂ ਨਾ ਕੋਈ ਡਰ ਹੋਵੇਗਾ।
ਤੇਰਾ ਹਾਲ,
ਇਸ ਤਰ੍ਹਾਂ ਦਾ ਤਕ ਕੇ,
ਨਾ ਮੇਰੇ ਕੋਲੋਂ ਜਰ ਹੋਵੇਗਾ।
ਮੈ ਹਾਂ,
ਇਕ ਜੰਗਲ ਦਾ ਰਾਜਾ,
ਘਾਹ ਨਾ ਮੈਥੋਂ ਚਰ ਹੋਵੇਗਾ।
ਬੇਵੱਸ ਹਾਂ,
ਮੇਰੇ ਪਿੰਡ ਦੇ ਲੋਕੋ,
ਨਾ ਮੇਰੇ ਕੋਲੋਂ ਕੁਛ ਕਰ ਹੋਵੇਗਾ।
ਜਿਊਣ ਨੂੰ ਨਾਂ,
ਮੇਰਾ ਚਿੱਤ ਕਰੇਗਾ,
ਨਾ ਹੀ ਮੈਥੋਂ ਮਰ ਹੋਵੇਗਾ।
ਆਵਾਂਗਾਂ ਮੈਂ,
ਉਸ ਦਿਨ ਪਿੰਡ,
ਜਿਸ ਦਿਨ ਖੁਲ੍ਹਾ,
ਗੁਰੂ ਮੇਰੇ ਦਾ ਦਰ ਹੋਵੇਗਾ।

**21**

ਤੂੰ ਹੀ ਦੱਸ,
ਇਹ ਕਿੰਝ ਹੋ ਸਕਦਾ,
ਸਰਦਾਰਾਂ ਦੇ ਘਰ ਜੰਮਿਆ ਮੈਂ।
ਜਦ ਭੀ ਕਿਤੇ,
ਜ਼ੁਲਮ ਹੈ ਹੋਇਆ,
ਉਸ ਜ਼ੁਲਮ ਨੂੰ ਥੰਮਿਆ ਮੈਂ।

ਤੇਰੇ ਦੁਸ਼ਮਣ ਨੂੰ,
ਕੱਢਣ ਦੇ ਲਈ,



ਪੂਰੀ ਕੋਸ਼ਿਸ਼ ਕਰਾਂਗਾਂ ਮੈਂ।
ਉਨੀ ਦੇਰ ਤੱਕ,
ਇਹ ਅੱਗ ਬਿਰਹੋਂ ਦੀ,
ਆਪਣੇ ਤਨ ਤੇ ਜਰਾਂਗਾ ਮੈਂ।

ਕਈ ਵਾਰ ਤਾਂ,
ਇੰਜ ਲਾਗਦਾ ਹੈ,
ਮੈਂ ਪਰਤ ਕਦੇ ਨਾ ਘਰ ਆਵਾਂਗਾਂ।
ਇਸ ਲੋਹੇ,
ਅਤੇ ਪੱਥਰ ਦੇ ਮੁਲਕ ਵਿੱਚ,
ਸਭ ਦੁਖੜੇ ਮੈਂ,
ਪੱਥਰ ਬਣਕੇ ਜਰ ਜਾਵਾਂਗਾ।
ਪਾਣੀ ਵਿੱਚ,
ਲੂਣ ਦੇ ਵਾਂਗੂ,
ਹੌਲੀ ਹੌਲੀ ਖੁਰ ਜਵਾਂਗਾ।
ਇੰਜ ਲੱਗਦਾ ਹੈ,
ਘੱਸ ਕੰਮ ਕਰਦੇ ਕਰਦੇ,
ਇਕ ਦਿਨ ਇੰਜ ਹੀ ਮਰ ਜਾਵਾਂਗਾ।
ਇਸ ਦੇਹ ਦੀ ਮਿੱਟੀ,
ਜੋ ਤੇਰੀ ਅਮਾਨਤ,
ਉਹ ਗੈਰਾਂ ਹਵਾਲੇ ਕਰ ਜਾਵਾਂਗਾ।
ਲੱਗਦਾ ਸੱਧਰ ਇਹ ਰਹੂ ਅਧੂਰੀ,
ਨਾ ਦਰਸ਼ਨ ਤੇਰੇ ਕਰ ਪਾਵਾਂਗਾ।

ਪਤਾ ਨਹੀਂ,
ਕੀ ਮੇਰਾ ਪਿੰਡ,
ਉਸ ਮੇਰੇ ਹੈ ਰੱਬ ਨੂੰ ਭਾਉਂਦਾ?
ਦੁਖ ਤੇਰੇ ਮੈਂ,
ਕੱਟਣ ਦੇ ਲਈ,
ਰਿਹਾ ਜਿਸ ਅੱਗੇ ਵਾਸਤੇ ਪਾਉਂਦਾ।
ਪਰ ਜਿੰਨੀ ਦੇਰ,
ਰਿਹਾ 'ਭੱਜੀ' ਜਿਉਂਦਾ,
ਰਹੂ ਤੇਰੇ ਵਿਛੋੜੇ ਦਾ ਦਰਦ ਹੰਢਾਉਂਦਾ।

# ਪਿੰਡ ਦਾ ਛੱਪੜ

ਆਪਣੇ ਪਿੰਡ ਦੇ
ਛੱਪੜ ਤੇ ਖੜ੍ਹੇ ਨੂੰ
ਮੈਨੂੰ ਕੋਈ ਪਛਾਣਦਾ ਨਹੀਂ
ਲੋਕ ਆਈ ਜਾਂਦੇ
ਤੇ ਤੁਰੀ ਜਾਂਦੇ ਨੇ
ਮੈਂ ਕਿਸੇ ਨੂੰ ਵੀ ਜਾਣਦਾ ਨਹੀਂ।

ਕਪੜੇ ਧੋਣ ਲਈ
ਔਦੀਆਂ ਦਿਸਣ
ਸਿਰਾਂ ਤੇ ਬੱਠਲ ਚੁੱਕੀ ਮਾਈਆਂ।
ਹਰ ਤਰ੍ਹਾਂ ਦੇ
ਪਸ਼ੂ ਨੇ ਫਿਰਦੇ
ਘੋੜੇ, ਊਠ, ਬੱਕਰੀਆਂ ਤੇ ਗਾਈਆਂ।

ਮੱਝਾਂ
ਛੱਪੜ 'ਚੋਂ ਨਾ ਨਿਕਲਣ
ਬਾਹਰ ਖੜ੍ਹਾ ਕੋਈ ਠੀਮਾਂ ਮਾਰੇ।
ਕੋਈ
ਮੇਰੇ ਨਾਲ ਨਾ ਬੋਲੇ
ਘੁਰ-ਘੁਰ ਕੇ ਤੱਕਦੇ ਸਾਰੇ।

ਇਕ ਵੇਲਾ ਸੀ
ਜਦ ਕੋਈ ਅਜਨਬੀ



ਪਿੰਡ ਦੀ ਜੂਹ 'ਚ
ਪੈਰ ਸੀ ਪੌਂਦਾ।
"ਤੁਸੀਂ ਕਿਸ ਦੇ ਘਰ ਹੈ ਜਾਣਾ"
ਹਰ ਕੋਈ ਭੱਜ ਕੇ
ਉਹਨੂੰ ਪੁੱਛਣ ਸੀ ਔਂਦਾ।

ਅਸੀਂ
ਬੜੇ ਅਦਬ ਨਾਲ
ਉਹਨੂੰ ਮੰਜ਼ਲ ਤੇ ਪਹੁੰਚੌਂਦੇ ਸੀ।
ਹੱਥ ਵਿਚ
ਕੋਈ ਛਿਟੀ ਫੜਕੇ
ਪਿੰਡ ਦੇ ਕੁੱਤਿਆਂ ਤੋਂ ਬਚੌਂਦੇ ਸੀ।

ਪਰ ਅਜ
ਇਸ ਨਿੱਕੇ ਜਿਹੇ ਪਿੰਡ ਵਿਚ
ਮੈਨੂੰ ਮੇਰਾ ਘਰ ਨਹੀਂ ਲੱਭਦਾ।
ਆਪਣੇ ਹੀ ਘਰ ਦਾ
ਪਤਾ ਕਿਸੇ ਤੋਂ ਪੁੱਛਾਂ,
ਇਹ ਮੈਨੂੰ ਨਹੀਂ ਫਬਦਾ।

ਓਪਰਾ ਓਪਰਾ
ਹਰ ਘਰ ਲੱਗੇ
ਓਪਰੇ-ਓਪਰੇ ਲੱਗਣ ਲੋਕ।
ਇਕ ਦੂਏ ਤੇ
ਇਤਬਾਰ ਨਾ ਕਰਦੇ
ਇਕ ਦੂਏ ਨੂੰ ਠੱਗਣ ਲੋਕ।

ਇੰਜ ਲਗਦਾ ਹੈ
ਇਸ ਪਿੰਡ ਦੇ ਵਿਚ
ਉਹ ਪਹਿਲਾਂ ਵਾਲਾ ਪਿਆਰ ਨਹੀਂ।
ਆਪੋ ਆਪਣੇ
ਸਭ ਕੰਮ ਨੇ ਲੱਗੇ
ਕੋਈ ਮੱਦਦ ਲਈ ਤਿਆਰ ਨਹੀਂ।

ਆਖਿਰ ਨੂੰ
ਮੈਂ ਕਿਸੇ ਅਜਨਬੀ ਤੋਂ
ਘਰ ਪੁੱਛਦਾ ਹਾਂ
ਪਰ ਉਹ ਦਸਦਾ ਨਹੀਂ।
ਮੇਰੀ ਮੂਰਖਤਾ ਤੇ
ਉਹ ਨੂੰ ਤਰਸ ਹੈ ਔਂਦਾ
ਪਰ ਫਿਰ ਵੀ ਉਹ ਹਸਦਾ ਨਹੀਂ।

ਚੁੱਪ-ਚਾਪ
ਉਹ ਮੂਹਰੇ ਤੁਰਕੇ
ਮੈਨੂੰ ਘਰ ਛੱਡ ਔਂਦਾ ਹੈ
ਜਿੱਥੇ ਅੱਜ ਕੋਈ ਮੇਰਾ ਨਹੀਂ।
ਅਜਨਬੀ
ਉਸ ਘਰ ਵਿਚ ਬੈਠੇ
ਮੈਨੂੰ ਕਹਿ ਰਹੇ ਨੇ
"ਇਹ ਘਰ ਹੁਣ ਤੇਰਾ ਨਹੀਂ"।
'ਭੱਜੀ' ਉਸ ਪਿੰਡ ਨੂੰ ਵੀ
ਮੈਂ ਕਹਾਂ
ਇਹ ਪਿੰਡ ਮੇਰਾ ਨਹੀਂ
ਏਨਾ ਮੇਰਾ ਜੇਰਾ ਨਹੀਂ।

## ਪਿੰਡ ਦਾ ਖੂਹ

ਕੱਚੀ ਸੜਕ ਦੇ ਕੰਢੇ ਉੱਤੇ
ਇਕ ਸੀ ਖੂਹ ਤੇ
ਇਕ ਬੋਹੜ ਦਾ ਰੁੱਖ।
ਔਂਦੇ ਜਾਂਦੇ
ਹਰ ਇਕ ਰਾਹੀ ਨੂੰ
ਉਹ ਦੇਂਦਾ ਸੀ ਸੁੱਖ।

ਪਤਾ ਨਹੀਂ
ਕਿੰਨੇ ਪੰਛੀਆਂ ਨੇ
ਉਸ ਬੋਹੜ ਤੇ ਆਲ੍ਹਣੇ ਪਾਏ।
ਲੈਕੇ ਸਭ
ਉਸ ਆਪਣੀ ਬੁੱਕਲ
ਬੋਟ ਉਹਨੇ ਗਿਲਝਾਂ ਤੋਂ ਬਚਾਏ।

ਹਾੜ ਦੀਆਂ
ਤਿੱਖੀਆਂ ਧੁੱਪਾਂ ਅੰਦਰ
ਉਹ ਕਰਦਾ ਸੀ ਠੰਢੀ ਛਾਂ।
ਬੈਠ ਜਾਂਦਾ
ਜੇ ਇਕ ਵਾਰ ਥੱਲੇ
ਉੱਠਣ ਦਾ ਨਾ ਲੈਂਦਾ ਨਾਂ।

ਪਤਾ ਨਹੀਂ
ਇਸ ਬੋਹੜ ਦੇ ਥੱਲੇ

ਔਂਦੇ ਜਾਂਦੇ ਰੁਕੇ ਕਿੰਨੇ ਡੋਲੇ।
ਕੋਈ ਮੁੱਛ ਫੁੱਟ ਗੱਭਰੂ
ਝਾਤੀਆਂ ਮਾਰੇ
ਪੱਬ ਧਰ ਆਪਣੇ ਹੋਲੇ ਹੋਲੇ।

"ਸਬਰ ਕਰ
ਤੂੰ ਬੋਹੜਾ ਜਿਹਾ ਕਾਕਾ"
ਮੂਹਰੋਂ ਆਖੇ ਉਹਨੂੰ ਨੈਣ।
ਪਤਾ ਜਦੋਂ
ਬਾਪੂ ਨੂੰ ਲਗਦਾ
ਉੱਤੋਂ ਹੋਰ ਫੇਰ ਝਿੜਕਾਂ ਪੈਣ।

ਸ਼ਾਮ ਨੂੰ ਤਾਂ
ਮੇਲਾ ਲਗ ਜਾਂਦਾ
ਜਦੋਂ ਔਰਤਾਂ ਔਂਦੀਆਂ ਪਾਣੀ ਭਰਨ।
ਪਿੰਡ ਦੇ ਗੱਭਰੂ
ਆ ਜਾਂਦੇ ਆਨੇ ਬਹਾਨੇ
ਉਹਨਾਂ ਦੇ ਦਰਸ਼ਨ ਕਰਨ।

ਸਾਰਾ ਦੁਪਹਿਰਾ
ਪੀਂਦੇ ਰਹਿੰਦੇ
ਕਈ ਅਮਲੀ ਉੱਥੇ ਰਗੜਕੇ ਡੋਡੇ।
ਬਿਨਾਂ ਅਮਲ ਤੋਂ
ਤੁਰ ਨਾ ਹੁੰਦਾ
ਇਕ ਦੂਏ ਨਾਲ ਭਿੜਦੇ ਗੋਡੇ।

ਪੂਰੇ ਫੇਰ
ਉਹ ਨਸ਼ੇ ਵਿਚ ਆ ਕੇ
ਵੱਡੀਆਂ ਵੱਡੀਆਂ ਮਾਰਨ ਗੱਪਾਂ।
ਕਰਮਾ ਕਹੇ
ਸੌਂ ਰੱਬ ਦੀ ਦੀਪੇ
ਤੜਕੇ ਉੱਠ ਕੇ ਨਿੱਤਨਾਮ ਮੈਂ ਜਪਾਂ।



ਸ਼ਾਮ ਪਈ ਤੇ
ਪੰਛੀ ਮੁੜ ਔਂਦੇ
ਆ ਆਪਣੇ ਬੋਟਾਂ ਨੂੰ ਮਿਲਦੇ।
ਸੂਰਜ ਨੂੰ
ਦੇਖ ਕੇ ਡੁਬਦਾ
ਲੋਕੀਂ ਘਰੀਂ ਜਾਣ ਨੂੰ ਹਿਲਦੇ।

ਅਚਾਨਕ ਇਸ
ਖੂਹ ਦੇ ਕੋਲੋਂ ਦੀ
ਲੰਘ ਗਈ ਹੁਣ ਸੜਕ ਹੈ ਪੱਕੀ।
ਲੰਘ ਜਾਂਦੇ
ਲੋਕੀਂ ਕਾਰਾਂ ਵਿਚ
ਹੁਣ ਕਿਸੇ ਡੋਲੀ ਨਾ ਉੱਥੇ ਡੱਕੀ।

ਲੋਕਾਂ ਨੇ
ਘਰੀਂ ਲੁਆ ਲਏ ਨਲਕੇ
ਹੁਣ ਨਹੀਂ ਕੋਈ ਪਾਣੀ ਨੂੰ ਔਂਦੀ।
ਮੁੰਡਿਆਂ ਦੀ ਵੀ
ਢਾਣੀ ਹੁਣ ਤਾਂ
ਖੂਹ ਤੇ ਆ ਕੇ ਪੈਰ ਨਾ ਪੌਂਦੀ।

ਅਮਲੀ ਭੀ
ਹੁਣ ਛੱਡਕੇ ਡੋਡਿਆਂ ਨੂੰ
ਖਾ ਲੈਂਦੇ ਨੇ ਅਫੀਮ ਦੀ ਰੋੜੀ।
ਨਸ਼ਾ ਓਹੋ
ਬਹੁਤ ਹੈ ਦੇਂਦੀ
ਮਿਹਨਤ ਕਰਨੀ ਪੈਂਦੀ ਥੋੜ੍ਹੀ।

ਬਦਲ ਗਏ
ਜਦੋਂ ਰੁੱਖ ਦਰਿਆਵਾਂ ਦੇ
ਖੂਹ ਦਾ ਪਾਣੀ ਭੀ ਮੁਕ ਗਿਆ
ਉਹ ਦੇ ਕੰਢੇ
ਜੋ ਬੁੱਢਾ ਬੋਹੜ ਸੀ
ਉਹ ਵੀ ਹੁਣ ਤਾਂ ਲਗਦਾ ਸੁਕ ਗਿਆ।

ਕੋਈ ਵਿਰਲਾ ਵਿਰਲਾ
ਉਹਦਾ ਪੱਤਾ
ਹੁਣ ਪੰਛੀਆਂ ਨੂੰ ਨਹੀਂ ਲੁਕੋਂਦਾ।
ਇਸ ਕਰਕੇ
ਹੁਣ ਇੱਲਾਂ ਤੋਂ ਛੁੱਟ
ਕੋਈ ਪੰਛੀ ਨਹੀਂ ਆਲ੍ਹਣਾ ਪੌਂਦਾ।

ਇੱਟਾਂ ਡਿੱਗ ਪਈਆਂ
ਖੂਹ ਦੇ ਵਿਚ ਹੀ
ਬਨੇਰਾ ਭੀ ਹੁਣ ਪਿਆ ਹੈ ਢਿੱਠਾ।
ਕੀ ਹਾਲਤ
ਹੋ ਗਈ ਹੈ ਖੂਹ ਦੀ
ਇਹ ਨਾ ਕਿਸੇ ਆਣਕੇ ਡਿਠਾ।

ਡੋਲ ਨੂੰ ਤਾਂ
ਜੰਗਾਲ ਖਾ ਗਿਆ
ਉਹ ਦੇ ਥੱਲੇ ਵੱਡੀ ਮੋਰੀ।
ਗਲਿਆ ਹੋਇਆ
ਰੱਸਾ ਵੀ ਕੋਈ
ਕਰਕੇ ਲੈ ਗਿਆ ਉੱਥੋਂ ਚੋਰੀ।

ਪਿੰਡ ਵਿਚ
ਇਹ ਅਫਵਾਹ ਹੈ ਫੈਲੀ
ਖੂਹ ਤੇ ਰਾਤ ਨੂੰ ਔਂਦੇ ਭੂਤ।
ਕਈ ਲੋਕ ਕਹਿਣ
ਉਹਨਾਂ ਦੇ ਕੋਲੇ
ਇਸ ਗੱਲ ਦੇ ਹਨ ਕਈ ਸਬੂਤ।

ਚਾਰ ਚੁਫੇਰੇ
ਝਾੜੀਆਂ ਉੱਗੀਆਂ
ਨਾਲੇ ਖੱਬਲ ਘਾਹ।
ਕੋਲ ਦੀ ਲੰਘਦੀ
ਕੱਚੀ ਸੜਕ ਨੂੰ



ਫਸਲਾਂ ਗਈਆਂ ਖਾਹ।

ਉਹਦੇ ਕੋਲ ਦੀ
ਲੰਘਣ ਲੱਗਿਆਂ
ਅੱਜ ਮੈਂ ਉੱਥੇ ਆ ਕੇ ਰੁਕਿਆ।
ਦੇਖਣ ਲਈ
ਉਸ ਖੂਹ ਦਾ ਪਾਣੀ
ਜਦੋਂ ਮੈਂ ਥੋੜ੍ਹਾ ਅੱਗੇ ਝੁਕਿਆ।

ਪੁੱਛਿਆ ਮੈਂ
ਉਸ ਖੂਹ ਦੇ ਕੋਲੋਂ
"ਕੀ ਤੇਰਾ ਇਹ ਹਾਲ ਹੈ ਹੋਇਆ।
ਰਿਸਿਆ ਬੈਠਾ
ਉਹ ਖੂਹ ਫੇਰ
ਉੱਚੀ ਧਾਹਾਂ ਮਾਰਕੇ ਰੋਇਆ।

ਕਹਿੰਦਾ :
"ਓਨੀ ਦੇਰ ਤਕ ਲੋਕੀਂ ਕਦਰ ਨੇ ਕਰਦੇ
ਜਿੰਨੀ ਦੇਰ ਤੱਕ ਕੁੱਛ ਤੁਹਾਡੇ ਪੱਲੇ।
'ਭੱਜੀ' ਮੁਕ ਜਾਂਦਾ
ਜਦੋਂ ਤੁਹਾਡਾ ਪਾਣੀ
ਫੇਰ ਕੋਈ ਤੁਹਾਨੂੰ ਕਦੇ ਨਾ ਝੱਲੇ।

# ਪਿੰਡ ਦੇ ਬਾਗ

ਬੜੀ ਸੋਹਣੀ
ਇਕ ਖੁਲ੍ਹੀ ਥਾਂ ਤੇ
ਮੇਰਾ ਪਿੰਡ ਹੁੰਦਾ ਸੀ ਵਸਦਾ।
ਹਰ ਇੱਕ ਦੇ
ਚੇਹਰੇ ਤੇ ਰੌਣਕ
ਹਰ ਜੀ ਹੁੰਦਾ ਸੀ ਹਸਦਾ।

ਪਿੰਡ ਮੇਰੇ ਦੇ
ਆਲੇ ਦੁਆਲੇ
ਕਈ ਸੋਹਣੇ ਸੀ ਬਾਗ।
ਚੋਰ ਉਚੱਕੇ
ਲੁਕੇ ਸੀ ਬੈਠੇ
ਪਹਿਰੇਦਾਰ ਰਹੇ ਸੀ ਜਾਗ।

ਭਾਂਤ ਭਾਂਤ ਦੇ
ਫੱਲ ਫੁੱਲ ਲਗਦੇ
ਕਲੀਆਂ ਸੀ ਨਿਤ ਮਹਿਕਦੀਆਂ।
ਮੋਰ ਬਾਗਾਂ ਵਿਚ
ਪੌਂਦੇ ਸੀ ਪੈਲਾਂ
ਚੀਂ-ਚੀਂ ਚਿੜੀਆਂ ਚਹਿਕਦੀਆਂ।

ਗਲੀਆਂ ਵਿਚ
ਲੋਕੀਂ ਤੁਰੇ ਸੀ ਫਿਰਦੇ



ਜਿਵੇਂ ਲੱਗਾ ਹੋਵੇ ਕੋਈ ਮੇਲਾ।
ਬੇਫਿਕਰੀ ਵਿਚ
ਸਭ ਸੀ ਬੈਠੇ
ਰੱਖ ਘਰ ਵਿਚ ਪੈਸਾ ਧੇਲਾ।

ਜੱਟੀ ਕੋਈ
ਲੜੇ ਜੱਟ ਨਾਲ
ਜਦ ਘਰ ਦੀ ਕੱਢੀ ਉਹ ਪੀਵੇ।
ਸ਼ਾਮ ਪਈ ਤੇ
ਟਿਮ ਟਿਮ ਕਰਦੇ
ਜੁਗਨੂਆਂ ਵਰਗੇ
ਮੇਰੇ ਪਿੰਡ ਦੇ ਦੀਵੇ।

ਮਸਤੀ ਵਿਚ ਆ
ਜੱਟ ਭੰਗੜੇ ਪੌਂਦੇ
ਮੇਰੇ ਪਿੰਡ ਵਾਢੀ ਦੀ ਰੁੱਤੇ।
ਆਵਾਰਗੀ ਹੀ
ਭੌਂਕੀ ਜਾਂਦੇ
ਅੱਧੀ ਰਾਤ ਮੇਰੇ ਪਿੰਡ ਦੇ ਕੁੱਤੇ।

ਪਾਣੀ ਭਰਣ ਲਈ
ਜਦੋਂ ਲੰਘਦੀਆਂ ਕੁੜੀਆਂ
ਰਖਦੇ ਸੀ ਮੁੰਡੇ
ਇਸ ਗੱਲ ਦਾ ਚੇਤਾ।
ਕੋਈ ਗੱਭਰੂ
ਚੁੱਕ ਛਾਤੀ ਨਾਲ ਲੌਂਦਾ
ਕਿਸੇ ਮੁਟਿਆਰ ਦੀ
ਸਜਰੀ ਪੈੜ ਦਾ ਰੇਤਾ।

ਕਹਿੰਦੇ
ਇਕ ਦਿਨ
ਮੇਰੇ ਪਿੰਡ ਵਿਚ
ਆਈ ਇਕ ਹਨੇਰੀ।

ਉਡਾ ਲੈ ਗਈ
ਉਹ ਮੇਰੇ ਪਿੰਡ ਦੀਆਂ ਖ਼ੁਸ਼ੀਆਂ
ਲਗੀ ਨਾ ਬਹੁਤੀ ਦੇਰੀ।

ਅੱਜ ਨੰਗ ਹੋ ਗਏ
ਮੇਰੇ ਪਿੰਡ ਦੇ ਲੋਕੀ
ਬੜੀ ਮੁਸ਼ਕਿਲ ਨਾਲ
ਉਹ ਸਾਰਨ ਬੁਤੇ।
ਹੁਣ ਜੱਟ ਕੋਈ ਨਹੀਂ
ਭੰਗੜੇ ਪੌਂਦਾ
ਨਾ ਹੀ ਰਾਤ ਨੂੰ ਭੌਂਕਣ ਕੁੱਤੇ।
ਗੱਭਰੂ ਮੇਰੇ
ਪਿੰਡ ਦੇ ਸਾਰੇ
ਅੱਜ ਕਬਰਾਂ ਵਿਚ ਪਏ ਨੇ ਸੁੱਤੇ।
ਮੁੱਦਤ ਹੋ ਗਈ
ਉਹਨਾਂ ਮੋਇਆਂ ਨੂੰ
ਗੋਡੇ ਗੋਡੇ ਘਾਹ ਕਬਰਾਂ ਉੱਤੇ।

ਸ਼ਮਸ਼ਾਨਾਂ ਵਿਚ
ਨਿੱਤ ਲੱਗਦੇ ਮੇਲੇ
ਪਰ ਸੁੰਨੀਆਂ ਮੇਰੇ ਪਿੰਡ ਦੀਆਂ ਗਲੀਆਂ।
ਜਗਣ ਤੋਂ ਪਹਿਲਾਂ
ਬੁੱਝ ਜਾਂਦੇ ਦੀਵੇ
ਖਿੜਨ ਤੋਂ ਪਹਿਲਾਂ
ਮੁਰਝੌਂਦੀਆਂ ਕਲੀਆਂ।

ਚੁੱਕਦੇ ਸੀ
ਜਿਨ੍ਹਾਂ ਦੀ ਪੈੜ ਦਾ ਰੇਤਾ
ਪਤਾ ਨਹੀਂ
ਕਿੱਥੇ ਉਹ ਮੁਟਿਆਰਾਂ।
ਉਨ੍ਹਾਂ ਦੀ ਥਾਂ
ਅੱਜ ਪਿੰਡ ਵਿਚ ਫਿਰਦੀਆਂ
ਕਈ ਵਿਧਵਾ ਅੱਧਖੜ ਨਾਰਾਂ।



ਕੋਈ ਮੁਟਿਆਰ
ਪਾਣੀ ਭਰਨ ਨਾ ਔਂਦੀ
ਅੱਜ ਮੇਰੇ ਸੁੰਨੇ ਪਿੰਡ ਦੇ ਖੂਹੇ।
ਸ਼ਾਮ ਪਈ ਤੇ
ਬੰਦ ਹੋ ਜਾਂਦੇ
ਅੱਜ ਕੱਲ੍ਹ ਸੁੰਨੇ ਘਰਾਂ ਦੇ ਬੂਹੇ।

ਹੱਸਦਾ ਵਸਦਾ ਸੀ
ਜਿਸ ਨੂੰ ਮੈਂ ਛੱਡਿਆ
ਉੱਜੜ ਗਿਆ ਉਹ ਮੇਰਾ ਪਿੰਡ।
ਬੱਚ ਗਏ ਜੋ
ਉਸ ਹਨੇਰੀ ਵਿਚੋਂ
ਐਧਰ ਉੱਧਰ ਗਏ ਨੇ ਖਿੰਡ।

ਬਾਗਾਂ ਦੇ ਵਿਚ
ਅੱਜ ਬੋਲਣ ਉੱਲੂ
ਨਹੀਂ ਚੀਂ-ਚੀਂ ਕਰਦੀਆਂ ਚਿੜੀਆਂ।
ਨਾ ਹੀ ਹੁਣ
ਉਹ ਫਲ-ਫੁੱਲ ਲਗਦੇ
ਨਾ ਹੀ ਦਿਸਣ ਕਿਤੇ ਕਲੀਆਂ ਖਿੜੀਆਂ।

ਪਹਿਰੇਦਾਰ
ਸਭ ਪਏ ਨੇ ਸੁੱਤੇ
ਚੋਰ ਉਚੱਕੇ ਰਹੇ ਨੇ ਜਾਗ।
'ਝੁੰਜੀ' ਜੰਡ ਕਰੀਰਾਂ ਨੇ
ਥਾਂ-ਥਾਂ ਤੇ ਉੱਗੇ
ਉੱਜੜ ਗਏ ਮੇਰੇ ਪਿੰਡ ਤੇ ਬਾਗ।

# ਪਿੰਡ ਦੀਆਂ ਗਲੀਆਂ

ਪਿੱਛੇ ਰਹਿ ਗਈਆਂ
ਪਿੰਡ ਦੀਆਂ ਗਲੀਆਂ
ਨਿੱਕੇ ਹੁੰਦੇ ਜਿੱਥੇ ਖੇਡੇ ਸੀ

ਛੱਡ ਆਇਆ
ਮੈਂ ਉਹ ਰਾਹ ਖੇਤਾਂ ਦੇ
ਜੋ ਹੁੰਦੇ ਵਿੰਗੇ ਟੇਢੇ ਸੀ।
ਛੱਡ ਆਇਆ
ਮੈਂ ਪਿੰਡ ਦਾ ਛੱਪੜ
ਜਿਸ ਵਿਚ ਤਾਰੀਆਂ ਲਾਈਆਂ ਸੀ।
ਪਤਾ ਨਹੀਂ
ਕਿੰਨੀ ਗਰਮ ਦੁਪਹਿਰਾਂ
ਉਸ ਪਾਣੀ ਵਿਚ ਬਿਤਾਈਆਂ ਸੀ।

ਛੱਡ ਆਇਆ
ਮੈਂ ਉਹ ਘਰ ਦਾ ਵੇਹੜਾ
ਜਿੱਥੇ ਮਾਂ ਮੇਰੀ ਰਾਣੀ ਸੀ।
ਜਿਸ ਵਿਹੜੇ ਵਿਚ
ਬਹਿਕੇ ਚੂਰੀਆਂ ਖਾਂਦੇ
ਮੈਂ ਤੇ ਮੇਰੇ ਹਾਣੀ ਸੀ।

ਕਹਿੰਦੇ ਸੁੰਨੀਆਂ ਨੇ ਅੱਜ
ਪਿੰਡ ਦੀਆਂ ਗਲੀਆਂ



ਕੋਈ ਖੇਡਦਾ ਨਹੀਂ ਦਿਸਦਾ।
ਬੰਨੇ ਸਭ
ਖੇਤਾਂ ਦੇ ਢਹਿ ਗਏ
ਪਤਾ ਨਹੀਂ ਇਹ ਖੇਤ ਹੈ ਕਿਸਦਾ।

ਛੱਪੜ ਵਿਚ
ਮੱਝਾਂ ਦੀ ਥਾਂ ਤੇ
ਬੈਠੇ ਝੋਟੇ ਖੱਬੇ ਨੇ।
ਜੋ ਭੀ ਵੜਿਆ
ਛੱਪੜ ਦੇ ਵਿਚ
ਉਨ੍ਹਾਂ ਮਾਰ ਟੱਕਰਾਂ ਦੱਬੇ ਨੇ।

ਉੱਜੜ ਗਿਆ
ਮੇਰੇ ਘਰ ਦਾ ਵਿਹੜਾ
ਜਿਸਦੀ ਅੱਜ ਮਾਂ ਰਾਣੀ ਨਹੀਂ।
"'ਭੱਜੀ' ਜਾ ਬੈਠੇ
ਅੱਜ ਕਬਰਾਂ ਅੰਦਰ
ਹੁਣ ਉੱਥੇ ਮੇਰੇ ਹਾਣੀ ਨਹੀਂ।"

## ਕਾਂ

ਕੋਇਲਾਂ ਤਾਂ ਏਥੋਂ,
ਉੱਡ ਨੇ ਗਈਆਂ,
ਮੇਰੇ ਬਾਗਾਂ ਨੂੰ,
ਪੈ ਗਏ ਕਾਂ।
ਮਰ ਗਏ ਨੇ ਸਭ,
ਮੇਰੇ ਬਾਗ ਦੇ ਰਾਖੇ,
ਉਹਨਾਂ ਨੂੰ,
ਕੋਈ ਉਡਾਵੇ ਨਾ।
ਜਿਥੇ ਨਾ ਦਿੱਸਣ,
ਇਹ ਕਲਮੂੰਹੇ,
ਨਹੀਂ ਦਿਸਦੀ,
ਕੋਈ ਥਾਂ।

ਇਹ ਕਾਵਾਂ ਰੌਲਾ,
ਵੱਧਦਾ ਜਾਂਦਾ,
ਕਈ ਸਾਲਾਂ ਤੋਂ ਇਸੇ ਤਰ੍ਹਾਂ।
ਉੱਜੜ ਗਏ,
ਮੇਰੇ ਸ਼ਹਿਰ ਨੇ ਸਾਰੇ,
ਉੱਜੜੇ ਸਭ ਗਰਾਂ।
ਗਲਤੀਆਂ ਕੀਤੀਆਂ,
ਜੋ ਸਾਡੇ ਆਗੂਆਂ,
ਉਹਨਾਂ ਦੀ ਮੈਂ ਸਜ਼ਾ ਭਰਾਂ।
ਸੱਚ ਬੋਲਣ ਦੀ ਸਜ਼ਾ,



ਮੌਤ ਹੈ ਇਥੇ,
ਇਸ ਕਰਕੇ ਮੈਂ ਚੁੱਪ ਕਰਾਂ।
ਪੈ ਜਾਣਾ,
ਕਦ ਮੇਰੇ ਗਲ ਕਾਵਾਂ,
ਇਸੇ ਗੱਲੋਂ ਡਰਾਂ।
ਸਮਝ ਨਹੀਂ ਆਉਂਦੀ,
ਮੈਨੂੰ 'ਭੱਜੀ' ਦੇ ਸਾਈਂ,
ਮੈਂ ਹੁਣ ਕੀ ਕਰਾਂ?

## ਕੂੰਜਾਂ

***ਸਵਾਲ :***
ਮੇਰੇ ਵਤਨਾਂ ਵੱਲੋਂ ਆਉਂਦੀਓ ਕੂੰਜੋ
ਦੱਸੋ ਲੋਕ ਉੱਥੇ ਕਿੰਜ ਰਹਿੰਦੇ ਨੇ?
ਕਿੰਜ ਉਥੋਂ ਦੇ ਬਾਗ ਤੁਸੀਂ ਦੱਸੋ
ਕਿੰਜ ਦਰਿਆ ਹੁਣ ਬਹਿੰਦੇ ਨੇ?
ਕਿਹੋ ਜਿਹੀਆਂ ਫਸਲਾਂ ਨੇ ਉਥੇ
ਕੀ ਜੱਟ ਖੂਹਾਂ ਤੇ ਕਹਿੰਦੇ ਨੇ?

***ਜਵਾਬ :***
ਦੂਰ ਬੈਠੇ ਹਮਦਰਦੀ ਸੱਜਣਾ
ਮੰਦੇ ਹਾਲ ਉਥੇ ਕਾਫੀ ਚਿਰ ਦੇ ਨੇ।
ਹਰ ਘਰ ਵਿਚ ਹੈ ਮਾਤਮ ਛਾਇਆ
ਧੰਨ ਉਹ ਲੋਕ ਜੋ ਜ਼ਿਰਦੇ ਨੇ।

ਵਿਛੜ ਜਾਣ ਜੋ ਇਕ ਵਾਰੀ
ਉਹ ਯਾਰ ਕਦੇ ਨਾ ਮਿਲਦੇ ਨੇ।
ਮੂੰਹੋਂ ਉਥੇ ਕੋਈ ਨਾ ਬੋਲੇ
ਪਰ ਹਾਲ ਮੰਦੇ ਉਥੇ ਦਿਲ ਦੇ ਨੇ।

ਸੌਣ ਭਾਦੋਂ ਨੂੰ ਅੱਜਕੱਲ੍ਹ ਉਥੇ
ਜ਼ੁਲਮ ਦੇ ਬੱਦਲ ਘਿਰਦੇ ਨੇ।
ਬਾਗਾਂ ਅੰਦਰ ਅੱਜਕੱਲ੍ਹ ਉਥੇ
ਫਲ ਪੱਕਣ ਤੋਂ ਪਹਿਲਾਂ ਗਿਰਦੇ ਨੇ।



ਮੋਰ ਨਾ ਪੈਲਾਂ ਪਾਉਂਦੇ ਤੱਕੇ
ਅਸਾਂ ਦੇਖੇ ਹੰਝੂ ਕਿਰਦੇ ਨੇ।

ਝਲ ਸਕੇ ਨਾ ਸ਼ਰੀਕ ਖੁਸ਼ਹਾਲੀ
ਦੇਖ ਦੇਖ ਉਹ ਚਿੜਦੇ ਨੇ।
ਤੁਹਾਡੇ ਲੋਕ ਲਗ ਉਨ੍ਹਾਂ ਦੇ ਆਖੇ
ਆਪਸ ਵਿਚ ਅੱਜ ਭਿੜਦੇ ਨੇ।

ਦਰਿਆ ਨਾ ਉਥੇ ਠਾਠਾਂ ਮਾਰਨ
ਛਿੰਨੇ ਫੁੱਲ ਅਸਾਂ ਕਈ ਤਿਰਦੇ ਨੇ।
ਬੰਜਰ ਧਰਤ ਦੇ ਸੀਨੇ ਉਤੇ
ਅੱਜ ਹਲ ਖੰਜਰਾਂ ਦੇ ਫਿਰਦੇ ਨੇ।

ਖੂਹਾਂ ਤੇ ਉਥੇ ਰੱਬ ਨਾ ਵਸਦਾ
ਪਰ ਹਲਟ ਹੰਝੂਆਂ ਦੇ ਗਿੜਦੇ ਨੇ।
'ਤੂੰਜੀ' ਲਹੂ ਨਾਲ ਸਿੰਜੀ ਉਸ ਧਰਤੀ ਉਤੇ
ਸੂਹੇ ਫੁਲ ਪੀੜਾਂ ਦੇ ਖਿੜਦੇ ਨੇ।

# ਚਿੜੀਆਂ

ਉਡ ਪੁਡ ਜਾਓ ਚਿੜੀਓ।
ਨਾ ਆਲ੍ਹਣੇ ਬਣਾਓ ਚਿੜੀਓ।
ਮੇਰੇ ਪਿੰਡ ਨਾ ਆਓ ਚਿੜੀਓ।
ਆਪਣੀ ਜਾਨ ਬਚਾਓ ਚਿੜੀਓ।
ਇਸ ਪਿੰਡ ਦੇ ਵਿਚ ਨਹੀਂ ਹੋਣਾ
ਤੁਹਾਡਾ ਹੁਣ ਬਸੇਰਾ।
ਹੁਣ ਤਾਈਂ ਤੁਸੀਂ ਚੋਗਾ ਚੁਗਿਆ
ਇਸ ਪਿੰਡ ਦੇ ਵਿਚ ਬਥੇਰਾ।
ਮੇਰੇ ਪਿੰਡ ਕਾਲੇ ਬਾਜਾਂ ਦਾ ਪਹਿਰਾ
ਉਹਦੀ ਝਪਟ ਤੋਂ ਬਚ ਜਾਓ ਚਿੜੀਓ
ਉਡ ਪੁਡ ਜਾਓ ਚਿੜੀਓ, ਉਡ ਪੁਡ ਜਾਓ ਚਿੜੀਓ

ਤੁਹਾਡੀ ਚੋਗ ਜ਼ਹਿਰ ਖਿਲਾਰੀ
ਇਸ ਪਿੰਡ ਦੇ ਨਵੇਂ ਸ਼ਿਕਾਰੀ।
ਢੂੰਡ ਢੂੰਡ ਕੇ ਤੁਹਾਨੂੰ ਮਾਰੂ
ਓਹੋ ਵਾਰੀ ਵਾਰੀ।
ਮੇਰੇ ਪਿੰਡ ਸ਼ਿਕਾਰੀਆਂ ਦਾ ਪਹਿਰਾ
ਇਸ ਜ਼ਹਿਰ ਤੋਂ ਬਚ ਜਾਓ ਚਿੜੀਓ
ਉਡ ਪੁਡ ਜਾਓ ਚਿੜੀਓ।

ਮੇਰੇ ਪਿੰਡ ਵਿਚ ਆ ਕੇ ਵੜ ਗਿਆ
ਕਿਧਰੋਂ ਜੰਗਲੀ ਕੋਈ ਦਰਿੰਦਾ।



ਬੰਦਿਆਂ ਨੂੰ ਉਹ ਖਾਈ ਜਾਂਦਾ
ਨਹੀਂ ਛੜਦਾ ਪਸ਼ੂ ਪਰਿੰਦਾ।
ਮੇਰੇ ਪਿੰਡ ਦਰਿੰਦਿਆਂ ਦਾ ਪਹਿਰਾ
ਤੁਸੀ ਲੁਕ ਛੁਪ ਜਾਓ ਚਿੜੀਓ।
ਉਡ ਪੁਡ ਜਾਓ ਚਿੜੀਓ।

ਦਿਨ ਦਿਹਾੜੇ ਕੋਈ ਨਾ ਸੁਣਦਾ
ਏਥੇ ਮਜ਼ਲੂਮਾਂ ਦੀਆਂ ਚਾਂਗਾਂ।
ਸਹਿਮੇ ਹੋਏ ਕੁੱਕੜ ਬੈਠੇ
ਉਹ ਵੀ ਦੇਣ ਨਾ ਬਾਂਗਾਂ।
ਮੇਰੇ ਪਿੰਡ ਰਾਕਸ਼ਾਂ ਦਾ ਪਹਿਰਾ
ਤੁਸੀ ਜੰਗਲੀਂ ਛੁਪ ਜਾਓ ਚਿੜੀਓ।
ਉਡ ਪੁਡ ਜਾਓ ਚਿੜੀਓ।

ਤੁਹਾਡੇ ਮਰਿਆਂ ਏਥੇ ਕਿਸੇ ਨੇ
ਕੀ ਹੈ ਰੌਲਾ ਧੋਣਾ।
ਅੱਜ ਕੱਲ੍ਹ ਤਾਂ ਬੰਦੇ ਮਰਨ ਤੇ ਵੀ
ਪੈਂਦਾ ਹੈ ਮਨ ਸਮਝੌਣਾ।
ਮੇਰੇ ਪਿੰਡ ਬੌਣਿਆਂ ਦਾ ਪਹਿਰਾ
ਨਾ ਐਵੇਂ ਸ਼ੋਰ ਮਚਾਓ ਚਿੜੀਓ
ਉਡ ਪੁਡ ਜਾਓ ਚਿੜੀਓ।

ਕੀ ਹੋਇਆ ਜੇ ਮੇਰੇ ਪਿੰਡ ਨੂੰ
ਅੱਜ ਗ਼ਮਾਂ ਨੇ ਪਾਇਆ ਘੇਰਾ
'ਭੱਜੀ' ਰਾਤ ਭਾਵੇਂ ਹੋਵੇ ਇੰਨੀ ਲੰਮੀ
ਅਖੀਰ ਨੂੰ ਹੁੰਦਾ ਸਵੇਰਾ।
ਮੇਰੇ ਪਿੰਡ ਗਮਾਂ ਦਾ ਪਹਿਰਾ
ਤੁਸੀਂ ਖੈਰ ਮਨਾਓ ਚਿੜੀਓ
ਉਡ ਪੁਡ ਜਾਓ ਚਿੜੀਓ।

ਨਵੀ ਸਵੇਰ ਨੂੰ ਆਇਓ ਚਿੜੀਓ
ਫਿਰ ਆਲ੍ਹਣੇ ਬਣਾਇਓ ਚਿੜੀਓ

ਆ ਕੇ ਚੀਂ-ਚੀਂ ਗਾਇਓ ਚਿੜੀਓ
ਰੱਜ ਸ਼ੋਰ ਮਚਾਇਓ ਚਿੜੀਓ
ਚੋਗਾ ਰੱਜ ਰੱਜ ਖਾਇਓ ਚਿੜੀਓ
ਹਾਲੇ ਖੁਦ ਨਾ ਬਚਾਇਓ ਚਿੜੀਓ।
ਉਡ ਪੁਡ ਜਾਓ ਚਿੜੀਓ।

# ਪਰਦੇਸਣ ਚਿੜੀਆਂ

ਇਕ ਚੰਬਾ ਚਿੜੀਆਂ ਦਾ,
ਉਡ ਦੂਰੋਂ ਆਇਆ ਏ।
ਆ ਮੇਰੇ ਬਾਗੀਂ ਅੱਜ,
ਉਹਨਾਂ ਡੇਰਾ ਲਾਇਆ ਏ।
ਲੱਭਿਆ ਜੋ ਮਿੱਟੀ 'ਚੋਂ,
ਉਹਨਾਂ ਉਹੀ ਹੀ ਖਾਇਆ ਏ।
ਛੱਡ ਵਤਨ ਨੂੰ ਉਹ ਆਈਆਂ,
ਇਹ ਦੇਸ ਪਰਾਇਆ ਏ।

ਅਣਸੱਦੀਆਂ ਇਹਨਾਂ ਚਿੜੀਆਂ ਨੂੰ,
ਕੋਈ ਦਰਖਤਾਂ 'ਤੇ ਨਹੀਂ ਬਹਿਣ ਦਿੰਦਾ।
ਇਕ ਰਾਤ ਜੇ ਕੱਟਣੀ ਚਾਹੁੰਣ,
ਕੋਈ ਰਾਤ ਨਹੀਂ ਰਹਿਣ ਦਿੰਦਾ।

ਲੋਕੀ ਠਾਹ ਠਾਹ ਕਰ ਬੰਦੂਕਾਂ ਦੀ,
ਉਹਨਾਂ ਨੂੰ ਦਰਖਤਾਂ ਤੋਂ ਉਡਾਇਆ ਏ।
ਉਹਨਾਂ ਪਰਦੇਸਣ ਚਿੜੀਆਂ ਨੂੰ,
ਨਹੀਂ ਚੋਗਾ ਕਿਸੇ ਪਾਇਆ ਏ।
ਫੇਰ ਵੀ ਉਹਨਾਂ ਚਿੜੀਆਂ ਨੇ,
ਜੱਸ ਤੇਰਾ ਹੀ ਗਾਇਆ ਏ।
ਤੇਰੇ ਨੀਲੇ ਅੰਬਰ ਦਾ,
ਸਦਾ ਇਹਨਾਂ 'ਤੇ ਸਾਇਆ ਏ।

ਕੀ ਖੇਲ ਇਹ ਤੇਰਾ ਹੈ,
ਮੈਨੂੰ ਸਮਝ ਨਹੀਂ ਆਉਂਦਾ ਏ।
ਜਨਮ ਕਿਤੇ ਤੂੰ ਦਿੰਦਾ ਏਂ,
ਚੋਗਾ ਕਿਤੇ ਖਿੰਡਾਉਂਦਾ ਏਂ।
ਆਂਡੇ ਉੱਤਰ ਵਿਚ ਦਿੰਦੀਆਂ ਨੇ,
ਦੱਖਣ ਵੱਲ ਉਡਾਉਂਦਾ ਏਂ।
ਪਿੱਛੇ ਉਹਨਾਂ ਦੇ ਬੋਟਾਂ ਨੂੰ,
ਦਾਣੇ ਹੱਥੀਂ ਚੁਗਾਉਂਦਾ ਏਂ।

ਚੋਗਾ ਚੁਗ ਕੁਛ ਦਿਨ ਇੱਥੇ,
ਮੁੜ ਵਤਨ ਨੂੰ ਜਾਣਗੀਆਂ।
ਜੋ ਇਹਨਾਂ ਦੇ ਕਰਮਾਂ ਦੇ ਵਿਚ,
ਉਹ ਚੁਗ ਚੁਗ ਖਾਣਗੀਆਂ।

ਖੁਸ਼ ਕਿਸਮਤ ਹਨ ਜੋ ਚਿੜੀਆਂ,
ਉਹਨਾਂ ਨੂੰ ਬੱਚਿਆਂ ਨਾਲ ਮਿਲਾਏਂਗਾ।
ਪਰ ਕਈ ਕਰਮਾਂ ਮਾਰੀਆਂ ਨੂੰ,
ਵਿਛੋੜਾ ਸਦਾ ਲਈ ਪਾਏਂਗਾ।

ਪਰ ਚੰਗੀਆਂ ਮੈਥੋਂ ਇਹ ਚਿੜੀਆਂ,
ਜੋ ਆਲ੍ਹਣਾ ਹੋਰ ਕਿਤੇ ਪਾਉਂਦੀਆਂ ਨਹੀਂ।
ਛੱਟ ਆਪਣੇ ਵਤਨ ਨਾਲੋਂ,
ਦਿਲ ਹੋਰ ਕਿਤੇ ਲਾਉਂਦੀਆਂ ਨਹੀਂ।

ਆਲ੍ਹਣੇ 'ਚੋਂ ਉਡਣ ਦੀ,
ਜਦ ਮੇਰੀ ਵਾਰੀ ਸੀ।
ਛੱਡ ਵਤਨ ਨੂੰ ਮੈਂ ਆਪਣੇ,
ਮਾਰੀ ਲੰਮੀ ਉਡਾਰੀ ਸੀ।

ਪਰ ਖੁਦਗਰਜ਼ ਹਾਂ ਮੈਂ ਐਨਾ,
ਆਲ੍ਹਣਾ ਇਥੇ ਮੈਂ ਪਾ ਬੈਠਾ।
ਛੱਡ ਦੇਸ ਮੈਂ ਆਪਣੇ ਨੂੰ,
ਪ੍ਰੀਤ ਇਸ ਨਾਲ ਮੈਂ ਲਾ ਬੈਠਾ।



ਭਾਵੇਂ ਕਿੰਨਾ ਮੈਂ ਸਮਝਾਂ,
ਇਹ ਦੇਸ ਪਰਾਇਆ ਹੈ।
ਭਲਾ ਕਦੋਂ ਪਰਦੇਸੀ ਨੂੰ,
ਕਿਸੇ ਗਲ ਨਾਲ ਲਾਇਆ ਹੈ।

ਪਰ ਭੁਲ ਕਦੇ ਜੇ ਮੈਂ,
ਆਪਣੇ ਵਤਨ ਵੱਲ ਜਾਵਾਂਗਾ।
ਛੱਡ ਆਇਆ ਜੋ ਆਲ੍ਹਣਾ ਸੀ,
ਉਹਨੂੰ ਉਜੜਿਆ ਪਾਵਾਂਗਾ।

ਕਬਜ਼ਾ ਕਰ ਲਿਆ ਗੈਰਾਂ ਨੇ,
ਕਹਿੰਦੇ ਘਰ ਇਹ ਤੇਰਾ ਨਹੀਂ।
ਕਿੰਜ ਆਪਣਾ ਵਤਨ ਆਖਾਂ,
ਜਿਥੇ ਕੁਛ ਵੀ ਮੇਰਾ ਨਹੀਂ।

ਕਰਦਾ ਉਹ ਹੀ ਹੈ ਤੂੰ ਮਾਲਕ,
ਜੋ ਤੈਨੂੰ ਭਾਉਂਦਾ ਹੈ।
ਕੀ ਤੇਰੀ ਮਰਜ਼ੀ ਹੈ,
ਇਹ 'ਭੱਜੀ' ਦੀ ਸਮਝ ਨਹੀਂ ਆਉਂਦਾ ਹੈ।

## ਉਜੜਿਆ ਆਲ੍ਹਣਾ

ਮਾਰ ਕੇ ਇਹਨਾਂ ਅੱਜ ਬੋਟ ਮੇਰੇ,
ਆਲ੍ਹਣਾ ਮੇਰਾ ਉਜਾੜ ਦਿੱਤਾ।
ਜਿਸ ਦਰਖ਼ਤ ਨੂੰ ਮੈਂ ਸਮਝਿਆ ਆਪਣਾ,
ਉਸ ਦਰਖ਼ਤ ਨੂੰ ਜੜੋਂ ਉਖਾੜ ਦਿੱਤਾ।

ਕਿਤੇ ਫੇਰ ਨਾ ਕਰ ਲਵਾਂ ਇਕੱਠੇ,
ਤੀਲੇ, ਤੀਲਾ-ਤੀਲਾ ਕਰ ਦਿੱਤੇ।
ਰੱਤ ਚੱਖ ਕੇ ਮੇਰੇ ਬੋਟਾਂ ਦੀ,
ਉਹ ਨਾਲ ਲਹੂ ਦੇ ਭਰ ਦਿੱਤੇ।

ਉੱਡਣ ਜੋਗਾ ਕਿਤੇ ਮੈਂ ਨਾ ਰਹਿ ਜਾਂ,
ਫੰਗ ਉਹਨਾਂ ਮੇਰੇ ਕੱਟ ਦਿੱਤੇ।
ਜੋ ਛੇਤੀ ਕਿਤੇ ਨਾ ਦਿੱਸਣ ਕਿਸੇ ਨੂੰ,
ਲਾ ਸੀਨੇ ਮੇਰੇ ਫੱਟ ਦਿੱਤੇ।

ਛੱਡ ਕੇ ਇਸ ਉੱਜੜੇ ਆਲ੍ਹਣੇ ਨੂੰ,
ਹੋਰ ਕਿਤੇ ਮੈਂ ਜਾਣਾ ਨਹੀਂ।
'ਭੱਜੀ' ਕੱਟ ਲਊਂ ਰਾਤਾਂ ਨੀਲੇ ਅੰਬਰ ਥੱਲੇ,
ਪਰ ਆਲ੍ਹਣਾ ਹੋਰ ਥਾਂ ਮੈਂ ਪਾਣਾ ਨਹੀਂ।

## ਯਾਰ

*'ਖਿੜੀਆਂ ਹਨ, ਜੋ ਮੇਰੀ ਜ਼ਿੰਦਗੀ 'ਚ,*
*ਇਹ ਕਵਿਤਾ, ਉਹਨਾਂ ਬਹਾਰਾਂ ਦੇ ਨਾਂ।*
*ਮਿਲੇ ਹਨ, ਜੋ ਮੇਰੀ ਜ਼ਿੰਦਗੀ 'ਚ,*
*ਇਹ ਕਵਿਤਾ, ਉਹਨਾਂ ਯਾਰਾਂ ਦੇ ਨਾਂ।*

**1**

ਯਯੇ ਪਿਛੇ,
ਕੰਨਾ ਲਗਦਾ,
ਤੇ ਉਹਨਾਂ ਮੋਢਾ ਲਾਉਂਦਾ ਰਾਰਾ।
ਇਕ ਦੂਏ ਨਾਲ,
ਜੁੜੇ ਰਹਿਣ ਦਾ,
ਕਰਦੇ ਉਹ ਇਕਰਾਰਾ।

ਤਾਹੀਓਂ ਜਾ ਕੇ,
ਕਿਤੇ ਬਣਦਾ ਹੈ,
ਜਿਹਨੂੰ ਲੋਕੀਂ ਕਹਿੰਦੇ ਯਾਰ।
'ਯਯੇ, ਰਾਰੇ' ਨੂੰ,
ਇਕ ਦੂਏ ਨਾਲ,
ਕਹਿੰਦੇ ਬਹੁਤ ਪਿਆਰ।
ਇਕ ਦੂਏ ਤੋਂ,
ਨਿਖੜਨ ਦੇ ਲਈ,
ਉਹ ਹੋਣ ਨਾ ਕਦੇ ਤਿਆਰ।

ਇਕੱਲੋ ਯਯੇ,
ਜਾਂ ਰਾਰੇ ਦੀ,
ਹੈ ਨਹੀਂ ਕੋਈ ਅਹਿਮੀਅਤ।
ਇਹ ਗੱਲ,
ਸਿਰਫ ਮੈਂ ਨਹੀਂ ਕਹਿੰਦਾ,
ਦੁਨੀਆਂ ਸਾਰੀ ਸਹਿਮਤ।

2
ਇਹਨਾਂ ਵਿਚ,
ਲਿਖਤ ਪੜ੍ਹਤ ਨਾ ਕੋਈ,
ਬੱਸ ਦੋ ਜਾਨਾਂ ਦਾ ਵਾਇਦਾ।
ਇਹਦੇ ਉੱਤੇ
ਨਾ ਲਾਗੂ ਹੁੰਦਾ,
ਦੁਨੀਆਂ ਦਾ ਕੋਈ ਕਾਇਦਾ।
ਯਾਰੀ ਵਿਚ ਨਹੀਂ,
ਤਕਿਆ ਜਾਂਦਾ,
ਕੋਈ ਨੁਕਸਾਨ ਜਾਂ ਫਾਇਦਾ।

ਸੱਚੇ ਯਾਰ ਨਾ,
ਛੱਡਣ ਯਾਰ ਦੀ,
ਇਕ ਬਾਰ ਜੋ ਬਾਂਹ ਨੂੰ ਫੜਦੇ।
ਮੁਸੀਬਤ ਪੈਣ 'ਤੇ,
ਪਿੱਛਾ ਛੁਡਾਉਣ ਲਈ,
ਨਾ ਉਹ ਕੋਈ ਬਹਾਨੇ ਘੜਦੇ।
ਲੋੜ ਪੈਣ 'ਤੇ,
ਯਾਰ ਦੀ ਖਾਤਰ
ਖੁਦ ਉਹ ਸੂਲੀ ਚੜ੍ਹਦੇ।
ਯਾਰ ਸਦਾ,
ਘਰ ਆਪਣੇ ਯਾਰਾਂ ਦੇ,
ਬਿਨ ਪੁੱਛਿਓਂ ਜਾ ਵੜਦੇ।
ਨਿੱਕੀਆਂ ਨਿੱਕੀਆਂ,
ਦੁਨਿਆਵੀਂ ਗੱਲਾਂ 'ਤੇ,
ਯਾਰ ਕਦੇ ਨਾ ਲੜਦੇ।



ਸਵਾਲ ਜਿਥੇ,
ਯਾਰ ਦੀ ਇੱਜ਼ਤ ਦਾ,
ਝੱਟ ਉਹ ਉੱਥੇ ਅੜਦੇ।

3
ਯਾਰਾਂ ਨਾਲ ਬਹਾਰਾਂ ਕਹਿੰਦੇ।
ਯਾਰਾਂ ਨਾਲ ਖਿੜਨ ਗੁਲਜ਼ਾਰਾਂ ਕਹਿੰਦੇ।

ਬਿਨ ਯਾਰ ਤੋਂ,
ਰੁੱਤ ਬਹਾਰ ਭੀ,
ਲਗਦੀ ਹੈ ਪਤਝੜ ਦੀ।
ਦੋ ਯਾਰਾਂ ਨੂੰ,
ਦੇਖ ਇਕੱਠੇ,
ਰੂਹ ਕਈਆਂ ਦੀ ਸੜਦੀ।

ਇਕ ਸੱਚ,
ਜੇ ਖੜਾ ਹੋ ਜਾਵੇ,
ਤਾਂ ਲੱਖਾਂ ਝੂਠ ਨੇ ਭੱਜਦੇ।
ਦੋ ਸੱਚ ਜੇਕਰ ਹੋ ਜਾਣ ਇਕੱਠੇ।
ਉਹ ਬਦਲ ਵਾਂਗੂ ਗਜਦੇ।
ਯਾਰ ਹਮੇਸ਼ਾਂ,
ਆਪਣੇ ਯਾਰ ਦਾ,
ਮਾੜਾਪਣ ਨੇ ਕਜਦੇ।
ਯਾਰ ਯਾਰਾਂ ਦੇ,
ਕਰ ਕਰ ਦਰਸ਼ਨ,
ਦਿਲੋਂ ਕਦੇ ਨਾ ਰੱਜਦੇ।

4
ਯਾਰੀ ਤਾਂ,
ਹਰ ਵੇਲੇ ਚੰਗੀ,
ਪਰ ਸਭ ਤੋਂ ਚੰਗੀ,
ਹੈ ਬਚਪਨ ਦੀ ਯਾਰੀ।
ਅਲ੍ਹੜਪੁਣੇ ਵਿਚ,

ਜੋ ਲਗ ਜਾਵੇ,
ਉਸ ਦੀ ਸ਼ਾਨ ਨਿਆਰੀ।

ਇਕ ਯਾਰ,
ਜੇ ਕਿਸੇ ਨੂੰ ਲੱਭ ਜਾਵੇ,
ਕੀ ਲੋੜ ਫੇਰ ਉਹਨੂੰ ਰੱਬ ਦੀ।
ਪਰ ਐਸੀ ਯਾਰੀ ਤਾਂ,
ਕਿਸੇ ਕਿਸੇ ਨੂੰ,
ਕਰਮਾਂ ਨਾਲ ਹੈ ਲੱਭਦੀ।

ਚੰਗੇ ਦਿਨ,
ਜਦੋਂ ਕਿਸੇ ਬੰਦੇ ਦੇ,
ਹਰ ਕੋਈ ਨੇੜੇ ਆਵੇ।
ਇਕ ਦੂਏ ਤੋਂ,
ਵਧ ਕੇ ਹਰ ਕੋਈ,
ਉਸ ਦਾ ਯਾਰ ਅਖਾਵੇ।
ਸ਼ਹਿਦ ਦੁਆਲੇ,
ਮੱਖੀਆਂ ਵਾਂਗੂ,
ਹਰ ਕੋਈ ਝੁਰਮੁਟ ਪਾਵੇ।

ਮਾੜੇ ਦਿਨ,
ਜਦ ਆਉਣ ਕਿਤੇ ਤਾਂ,
ਪਰਛਾਵੇਂ ਵਾਂਗ ਛੱਡ ਜਾਂਦੇ।
ਦੁੱਧ ਦੇ ਵਿਚੋਂ,
ਮੱਖੀ ਵਾਂਗੂ,
ਚੁਟਕੀ ਮਾਰ ਕੱਢ ਜਾਂਦੇ।

**5**

ਵਾਇਦਾ ਤਾਂ,
ਹਰ ਕੋਈ ਕਰਦਾ,
ਵਿਰਲੇ ਤੋੜ ਨਿਭਾਉਂਦੇ।
ਔਖੇ ਵੇਲੇ,
ਤਾਂ ਬੱਸ ਯਾਰ ਹੀ,
[illegible] ਪਾਉਂਦੇ।



ਯਾਰ ਭਾਵੇਂ ਹੋਣ,
ਢਿੱਡੋਂ ਭੁੱਖੇ,
ਹਰ ਬੁਰਕੀ ਵੰਡ ਕੇ ਖਾਂਦੇ।
ਯਾਰ ਕਦੇ ਨਾ,
ਆਪਣੇ ਯਾਰਾਂ 'ਤੇ,
ਤੁਹਮਤ ਕਦੇ ਭੀ ਲਾਂਦੇ।

ਬਿਨ ਵਾਇਦੇ,
ਜੋ ਸਾਥ ਨਿਭਾਏ,
ਉਹੀ ਯਾਰ ਅਖਵਾਉਂਦਾ।
ਯਾਰ ਹਮੇਸ਼ਾਂ,
ਸਿਰ ਦੇ ਕੇ ਭੀ,
ਯਾਰੀ ਤੋੜ ਨਿਭਾਉਂਦਾ।

ਦੁਸ਼ਮਣ ਭਾਵੇਂ,
ਪੱਥਰ ਮਾਰਨ,
ਉਹਦੀ ਨਾ ਸੱਟ ਲੱਗੇ।
ਪਰ ਯਾਰਾਂ ਤੇ,
ਫੁੱਲ ਮਾਰਨ 'ਤੇ ਭੀ,
ਸੀਨੇ ਜਾ ਫੱਟ ਲੱਗੇ।

ਦੋ ਮਰਦਾਂ ਦਾ,
ਪਿਆਰ ਇਹ ਸੱਚਾ,
ਨਹੀਂ ਕੋਈ ਵੱਢ ਛੋਲਿਆਂ ਦਾ।
ਯਾਰ ਕਦੇ ਨਾ,
ਬੁਰਾ ਮਨਾਉਂਦੇ,
ਉੱਚਾ ਨੀਵਾਂ ਬੋਲਿਆਂ ਦਾ।

**6**

ਪਰ ਕਈ ਦਫਾ,
ਮੈਂ ਇਹ ਤਕਿਆ ਹੈ,
ਯਾਰ ਯਾਰਾਂ ਤੋਂ ਦੂਰ ਹੋ ਜਾਂਦੇ।
ਟੁੱਟ ਜਾਂਦੇ,

ਉਹ ਖੁਦ ਨਾਲੋਂ ਭੀ,
ਕਿਸੇ ਗੱਲੋਂ ਮਜਬੂਰ ਹੋ ਜਾਂਦੇ।

ਕਈ ਦਫਾ,
ਨਿੱਕੀ ਨਿੱਕੀ ਗੱਲ ਤੋਂ,
ਹੋ ਜਾਂਦਾ ਤਕਰਾਰ।
ਫਾਸਲਾ ਫਿਰ ਉਹ,
ਵਧਦਾ ਹੀ ਜਾਂਦਾ,
ਜੋ ਪੈ ਜਾਂਦਾ ਵਿਚਕਾਰ।
ਪਰ ਇਕ ਗੱਲ,
ਤੁਹਾਨੂੰ ਦਸਾਂ ਯਾਰੋ,
ਛਡਿਓ ਨਾ ਐਵੇਂ ਆਪਣਾ ਯਾਰ।
ਜੋੜ ਦਿਉ,
ਉਹਨੂੰ ਗੂੰਦ ਨਾਲ ਦੋਸਤੀ ਦੇ,
ਜੇ ਕਿਤੇ ਪੈ ਜਾਵੇ ਦਰਾਰ।

ਕੱਢ ਦੇਵੇ,
ਭਾਵੇਂ ਯਾਰ ਘਰ 'ਚੋਂ,
ਪਰ ਦਿਲ 'ਚੋਂ ਨਹੀਂ ਕੱਢੀਦਾ।
ਛੱਡ ਜਾਵੇ,
ਭਾਵੇਂ ਇਸ ਦੁਨੀਆਂ ਨੂੰ,
ਪਰ ਯਾਰ ਕਦੇ ਨਹੀਂ ਛੱਡੀਦਾ।

ਇਕ ਯਾਰ,
ਆਪਣੇ ਯਾਰ ਦੀ ਖਾਤਰ,
ਕਿੰਝ ਆਪਣੇ ਮੂੰਹੋਂ ਮਾੜਾ ਕਹੇਗਾ।
ਇਹ ਤਾਂ ਹੈ,
ਉਹਦੀ ਆਪਣੀ ਬੇਇੱਜ਼ਤੀ,
ਕੀਕਰ ਉਹ ਇਹ ਜ਼ਿੱਲਤ ਸਹੇਗਾ।

**7**

ਯਾਰ ਯਾਰ,
ਤਾਂ ਹਰ ਕੋਈ ਕਰਦਾ,



ਯਾਰ ਨੇ ਇਥੇ ਥੋੜ੍ਹੇ।
ਯਾਰ ਉਹੀ,
ਜੋ ਲੋੜ ਦੇ ਵੇਲੇ,
ਯਾਰ ਦੀ ਖਾਤਿਰ ਬੋਹੜੇ।

ਯਾਰ ਹੋਵੇ ਤਾਂ,
ਇਹੋ ਜਿਹਾ ਹੋਵੇ,
ਜਿਹੜਾ ਦਿਲ ਦੀਆਂ ਜਾਣੇ।
ਮੱਦਦ ਲੈ ਕੇ,
ਯਾਰ ਦੇ ਕੋਲੋਂ,
ਕਦੇ ਯਾਰ ਨਾ ਹੁੰਦੇ ਕਾਣੇ।

**8**

ਕ੍ਰਿਸ਼ਨ ਸੁਦਾਮੇ,
ਦੀ ਦੋਸਤੀ ਦੀਆਂ,
ਗੱਲਾਂ ਸਾਰੇ ਕਰਦੇ।
ਦੋਹਾਂ ਵਿੱਚ,
ਪਿਆਰ ਸੀ ਗੂਹੜਾ,
ਭਾਵੇਂ ਉਚੇ ਨੀਵੇ ਘਰ ਦੇ।

ਗਰੀਬੀ ਆਪਣੀ ਤੋਂ,
ਤੰਗ ਜਦ ਆ ਕੇ,
ਉਹ ਯਾਰ ਦੇ ਬੂਹੇ ਆਇਆ।
ਤਖ਼ਤ ਛੱਡ ਕੇ,
ਯਾਰ ਨੇ ਉਹਨੂੰ,
ਆਪਣੇ ਗਲ ਨਾਲ ਲਾਇਆ।

ਨਾਲ ਲਿਆਇਆ
ਸੀ ਜੋ ਸੱਤੂ,
ਪੋਟਲੀ ਖੋਲ੍ਹਣ ਲਗਾ ਸੰਗਿਆ।
ਕੀ ਭੇਜਿਆ,
ਮੇਰੀ ਭਾਬੀ ਨੇ,
"ਕਹਿ ਕ੍ਰਿਸ਼ਨ ਨੇ ਖੁਦ ਮੰਗਿਆ।"

ਭਰੀ ਸਭਾ ਵਿਚ,
ਖੁਦ ਉਸ ਆਪੇ,
ਪੈਰ ਯਾਰ ਦੇ ਧੋਤੇ।
ਬਿਨ ਮੰਗਿਆਂ,
ਉਹਨੂੰ ਐਨਾ ਦਿੱਤਾ,
ਖਾਂਦੇ ਰਹੇ ਪੁਤ ਪੋਤੇ।

ਬਣ ਗਏ,
ਸੁਦਾਮੇ ਦੇ,
ਮਹਿਲ ਮਾੜੀਆਂ,
ਬਣਿਆ ਹੁਣ ਅਮੀਰ ਸੀ ਉਹੋ।
ਲੋਕੀਂ ਕਹਿੰਦੇ,
ਕਿਉਂ ਨਾ ਹੁੰਦਾ,
ਕ੍ਰਿਸ਼ਨ ਦਾ ਯਾਰ,
ਅਖੀਰ ਸੀ ਉਹੋ।

**9**

ਕਿੰਝ ਯਾਰ,
ਯਾਰਾਂ ਦੀ ਰਾਖੀ ਕਰਦੇ,
ਪੈਂਦੀਆਂ ਇਸ ਦੀਆਂ ਝਲਕਾਂ।
ਯਾਰ ਯਾਰਾਂ ਨੂੰ,
ਬੁਕਲ ਵਿਚ ਲੁਕਾਉਂਦੇ,
ਜਿਵੇਂ ਅੱਖਾਂ ਨੂੰ,
ਲੁਕਾਉਂਦੀਆਂ ਪਲਕਾਂ।

ਰੱਬ ਵਰਗਾ ਹੈ,
ਆਸਰਾ ਮੈਨੂੰ,
ਮੇਰੇ ਸੋਹਣੇ ਯਾਰਾਂ ਦਾ।
ਇਹ ਯਾਰੀ ਤਾਂ,
ਤਦ ਹੀ ਨਿਭਦੀ,
ਪਿਆਰ ਰਹੇ ਜੇ ਨਾਰਾਂ ਦਾ।
ਖੜਕਾ ਜੇਕਰ,
ਇਕੋ ਜਿਹਾ ਹੋਵੇ,



ਦਿਲ ਵਿਚ ਖੜਕਦੀਆਂ ਤਾਰਾਂ ਦਾ।
ਆਪਸ ਵਿਚ,
ਸਾਫ ਲੈਣ ਦੇਣ ਜੇ ਹੋਵੇ,
ਸੈਂਕੜੇ ਅਤੇ ਹਜ਼ਾਰਾਂ ਦਾ।

**10**

ਯਾਰ ਦੀ ਇੱਜ਼ਤ,
ਆਪਣੀ ਇੱਜ਼ਤ,
ਯਾਰ ਦੀ ਭੈਣ,
ਕਹਿੰਦੇ ਆਪਣੀ ਭੈਣ।
ਇਸ ਵਿਚ,
ਖੁਨਾਮੀ ਨਹੀਂ ਚੰਗੀ ਹੁੰਦੀ,
ਸਿਆਣੇ ਲੋਕੀਂ ਇਹੋ ਕਹਿਣ।
ਯਾਰ ਬਣ ਕੇ,
ਕੋਈ ਯਾਰ ਦੀ ਸ਼ੈਅ ਵੱਲ,
ਜੇਕਰ ਤੱਕੇ,
ਕਰਕੇ ਅੱਖ ਨੂੰ ਕੈਰੀ।
ਉਸ ਨਾਲੋਂ ਤਾਂ,
ਇਹ ਚੰਗਾ ਹੁੰਦਾ,
ਜੇਕਰ ਉਹ ਬਣ ਜਾਵੇ ਵੈਰੀ।

ਯਕੀਨ ਕਰਨਾ,
ਮੁਸ਼ਕਲ ਹੋ ਜਾਂਦਾ,
ਇਕ ਕੌੜੇ ਸੱਚ ਦੇ ਵਾਂਗੂ।
ਟੁੱਟ ਜਾਂਦਾ ਹੈ,
ਦਿਲ ਯਾਰ ਦਾ,
ਉਸ ਵੇਲੇ ਕੱਚ ਦੇ ਵਾਂਗੂ।

**11**

ਨਿੱਕੇ ਹੁੰਦਿਆਂ,
ਮੈਂ ਸੁਣੀ ਸੀ,
'ਸੁੱਚੇ' ਦੀ ਇਕ ਕਹਾਣੀ।
'ਘੁਕਰ' ਉਹਦੇ,

ਬਚਪਨ ਦਾ ਦੋਸਤ,
ਉਹ ਖੇਲ੍ਹੇ ਇਕੱਠੇ ਹਾਣੀ।

ਘੁਕਰ ਨੇ ਅੱਖ,
ਮੈਲੀ ਕੀਤੀ,
ਯਾਰ ਦੀ ਪੱਤ ਨੂੰ ਹੱਥ ਪਾਇਆ।
ਗੱਲ ਜਦੋਂ ਸੁੱਚੇ ਤੱਕ ਪਹੁੰਚੀ,
ਉਹਨੂੰ ਗੁੱਸਾ ਆਇਆ।

ਚੁਕ ਦੁਨਾਲੀ,
ਪਿੰਡ ਵਿਚ ਆ ਕੇ,
ਉਨ੍ਹੇ ਕਿਹਾ ਘੁਕਰ ਨੂੰ ਲਲਕਾਰ।
ਤੈਨੂੰ ਯਾਰ ਦੀ,
ਸ਼ਰਮ ਰਤਾ ਨਾ,
ਹੁਣ ਨਹੀਂ ਆਪਾਂ ਯਾਰ।

ਜਾਣ ਲੱਗਾ,
ਤੈਨੂੰ ਆਪਣੇ ਘਰ ਦੀ,
ਮੈਂ ਦੇ ਗਿਆ ਸਾਂ ਚਾਬੀ ਘੁਕਰਾ।
ਮਾੜੀ ਨਜ਼ਰ ਨਾਲ,
ਤੈਂ ਜਿਸ ਵੱਲ ਤਕਿਆ,
ਉਹ ਸੀ ਮੇਰੀ ਭਾਬੀ ਘੁਕਰਾ।

ਆਪਣੇ ਹੀ ਘਰ,
ਖੁਦ ਆਪਣੇ ਹੱਥੀਂ,
ਤੂੰ ਹੈ ਕੀਤੀ ਚੋਰੀ ਘੁਕਰਾ।
ਖਾਂਦਾ ਸੈਂ,
ਤੂੰ ਜਿਸ ਥਾਲੀ ਵਿੱਚ,
ਤੂੰ ਉਸ ਵਿਚ ਕੀਤੀ ਮੋਰੀ ਘੁਕਰਾ।

ਥਾਪਿਆ ਸੀ ਤੈਨੂੰ,
ਜਿਸ ਇੱਜ਼ਤ ਦਾ ਰਾਖਾ,
ਤੂੰ ਖੁਦ ਹੀ,



ਉਹ ਇੱਜ਼ਤ ਲੁੱਟੀ ਘੁਕਰਾ।
ਯਾਰੀ ਦੀ,
ਜੋ ਡੋਰ ਸੀ ਸਾਂਝੀ,
ਅੱਜ ਉਹ ਡੋਰੀ ਟੁੱਟੀ ਘੁਕਰਾ।

ਭੱਜ ਲੈ,
ਜੇ ਤੈਥੋਂ ਭੱਜ ਹੁੰਦਾ,
ਅੱਜ ਨਾ ਤੈਨੂੰ ਛੱਡਣਾ ਘੁਕਰਾ।
ਯਾਰੀ ਦੀ ਜੜ੍ਹ,
ਤੂੰ ਹੈ ਵੱਢੀ,
ਮੈਂ ਤੈਨੂੰ ਅੱਜ ਵੱਢਣਾ ਘੁਕਰਾ।

ਮੂੰਹ ਕਾਲਾ ਤੈਂ,
ਜੇ ਕਰਨਾ ਸੀ,
ਘਰ ਸਨ ਹੋਰ ਬਥੇਰੇ ਘੁਕਰਾ।
ਪਿੱਠ ਮੇਰੀ ਵਿਚ,
ਛੁਰਾ ਮਾਰਿਆ,
ਤੂੰ ਅੱਜ ਹੈ ਮੇਰੇ ਘੁਕਰਾ।

ਚੰਗਾ ਹੁੰਦਾ,
ਜੇ ਨਿੱਕੇ ਹੁੰਦਿਆਂ,
ਮੈਨੂੰ ਤੇਰੇ ਨਾਲ ਪਿਆਰ ਨਾ ਹੁੰਦਾ।
ਸਿਰ ਮੇਰਾ ਨਾ,
ਹੁੰਦਾ ਨੀਵਾਂ,
ਜੇ ਤੂੰ ਮੇਰਾ ਯਾਰ ਨਾ ਹੁੰਦਾ।

ਯਾਰ ਸੁੱਚੇ ਦਾ,
ਇਕ ਮਾੜਾ ਬੰਦਾ,
ਮੈਂ ਜੰਗ ਨੂੰ ਇਹ ਨਾ ਕਹਿਣ ਦਿਆਂਗਾ।
ਦਾਗ ਤੈਂ ਜੋ,
ਯਾਰੀ ਮੱਥੇ ਲਾਇਆ,
ਇਹ ਦਾਗ ਨਾ ਰਹਿਣ ਦਿਆਂਗਾ।

ਯਾਰ ਜੇ,
ਉਲਟੀ ਰਾਹੇ ਤੁਰ ਪਏ,
ਕੰਮ ਯਾਰਾਂ ਦਾ,
ਯਾਰ ਨੂੰ ਰਾਹੇ ਪੌਣਾ।
ਯਾਰ ਜੇ,
ਲਾਏ ਦਾਗ ਯਾਰੀ ਨੂੰ,
ਕੰਮ ਯਾਰਾਂ ਦਾ,
ਉਸ ਦਾਗ ਨੂੰ ਧੋਣਾ।

ਇਹ ਕਹਿ ਕੇ,
ਸ਼ਰ੍ਹੇਆਮ ਸੁੱਚੇ ਨੇ,
ਮਾਰੀ ਛਾਤੀ ਦੇ ਵਿਚ ਗੋਲੀ।
ਯਾਰ ਨੂੰ ਪੈ ਗਿਆ,
ਅੱਜ ਯਾਰ ਮਾਰਨਾ,
ਪੈ ਗਈ,
ਜੱਗ 'ਤੇ ਰੌਲੀ।

**12**
ਯਾਰ ਕਹਿੰਦੇ,
ਜੇ ਕੋਈ ਨਾਲ ਯਾਰ ਦੇ,
ਯਾਰੀ ਪਾ ਕੇ ਦਗਾ ਕਮਾਉਂਦਾ।
ਜਾਂ ਕੋਈ ਯਾਰ ਦੀ,
ਇੱਜ਼ਤ ਨੂੰ ਹੀ,
ਮੌਕਾ ਦੇਖ ਕੇ ਹੱਥ ਹੈ ਪਾਉਂਦਾ।

ਉਹ ਯਾਰੀ ਦਾ,
ਕਾਤਿਲ ਲੋਕੋ,
ਉਹ ਪਿੱਠ ਵਿਚ ਛੁਰਾ ਚੁਭਾਉਂਦਾ।
ਰੱਬ ਭੀ ਉਹ ਨੂੰ,
ਕਦੇ ਮਾਫ ਨਾ ਕਰਦਾ,
ਫੇਰ ਭਾਵੇਂ ਉਹ ਲੱਖ ਪਛਤਾਉਂਦਾ।

ਘੁਕਰ ਜਿਹਾ ਕੋਈ,
ਗਿਰਿਆ ਬੰਦਾ ਹੀ,



ਦਾਗ ਯਾਰੀ ਨੂੰ ਲਾਉਂਦਾ।
ਗਿਰ ਜਾਵੇ,
ਜੋ ਇਕ ਵਾਰ ਨਜ਼ਰਾਂ ਤੋਂ,
ਫੇਰ ਨਾ ਕਦੇ ਕੋਈ,
ਪਲਕਾਂ 'ਤੇ ਬਿਠਾਉਂਦਾ।

**13**
ਭਰ ਜਾਂਦੇ ਨੇ,
ਫੱਟ ਜਿਸਮਾਂ ਦੇ,
ਆਪੇ ਭਰਦੇ ਦਿਸਦੇ।
ਸੱਟ ਜਿਹਨਾਂ ਨੇ,
ਯਾਰਾਂ ਤੋਂ ਖਾਧੀ,
ਉਹ ਜ਼ਖ਼ਮ ਕਦੇ ਨਾ ਦਿਸਦੇ।
ਸੀਨੇ ਦੇ ਫੱਟ,
ਕਦੇ ਨਾ ਭਰਦੇ,
ਉਹ ਸਦਾ ਨੇ ਰਹਿੰਦੇ ਰਿਸਦੇ।

ਜ਼ਿੰਦਗੀ ਦੇ ਵਿੱਚ,
ਜੇ ਹੋਵੇ ਯਾਰ ਤਾਂ,
ਤਾਂ ਹੀ ਜਿਉਣੇ ਦਾ ਮਜ਼ਾ।
ਬਿਨਾਂ ਯਾਰਾਂ,
ਇਹ ਜ਼ਿੰਦਗੀ ਤਾਂ,
ਬਣ ਜਾਂਦੀ ਹੈ ਸਜ਼ਾ।
ਪਰ ਸੱਚਾ ਯਾਰ,
ਤਦ ਹੀ ਮਿਲਦਾ,
ਜੇਕਰ ਹੋਵੇ ਮਾਲਕ ਦੀ ਰਜ਼ਾ।

ਤੇਰੇ ਭੀ,
ਇਸ ਸ਼ਾਇਰ ਰੱਬਾ,
ਕਈ ਹਨ ਯਾਰ ਬਣਾਏ।
ਪਰ ਦਿਸਦਾ ਨਹੀਂ,
ਮੈਨੂੰ ਕੋਈ ਐਸਾ,
ਜੋ ਤੇਰੀ ਥਾਂ ਲੈ ਪਾਏ।

ਘਾਟਾ ਕੋਈ,
ਮੇਰੇ ਵਿਚ ਹੀ ਹੋਣਾ,
ਉਹ ਤਾਂ ਤੈਂ ਬਣਾਏ।

ਕੀ ਜਾਂਦਾ ਦਸ,
ਤੇਰਾ ਰੱਬਾ,
ਭਰਮ ਜੇ ਮੇਰਾ ਬਣਿਆ ਰਹਿਣ ਦੇ।
ਜੋ ਭੀ ਮੈਨੂੰ,
ਯਾਰ ਨੇ ਕਹਿੰਦੇ,
ਯਾਰ ਤੂੰ ਉਹਨਾਂ ਨੂੰ,
ਕਹਿੰਦੇ ਰਹਿਣ ਦੇ।

ਠੰਢੀ ਹਵਾ,
ਸਦਾ ਹੀ ਆਵੇ,
ਮੈਨੂੰ ਮੇਰੇ ਯਾਰਾਂ ਵੱਲੋਂ।
ਮਹਿਕ ਪਿਆਰ ਦੀ,
ਸਦਾ ਹੀ ਆਵੇ,
ਇਹਨਾਂ ਖਿੜੀਆਂ ਗੁਲਜ਼ਾਰਾਂ ਵੱਲੋਂ।

ਹੱਥ ਰੱਖੀਂ,
ਮੇਰੇ ਯਾਰਾਂ ਦੇ ਸਿਰ 'ਤੇ,
ਮਾਨਣ ਉਹ ਸਦਾ ਤੇਰੀਆਂ ਹੀ ਛਾਵਾਂ।
ਮੈਂ ਉਹਨਾਂ ਦੀਆਂ,
ਤੇ ਉਹ ਮੇਰੀਆਂ,
ਬਣੀਆਂ ਰਹਿਣ ਸਦਾ ਲਈ ਬਹਾਵਾਂ।

ਬਲ ਬਖ਼ਸ਼ੀਂ,
ਤੂੰ ਮੈਨੂੰ ਰੱਬਾ,
ਮੈਂ ਯਾਰੀ ਨੂੰ ਤੋੜ ਨਿਭਾਵਾਂ।
ਜੋ ਕਿਸੇ ਨਾਲ,
ਕੀਤਾ ਵਾਇਦਾ,
ਉਸ ਵਾਇਦੇ ਨੂੰ,
ਤੋੜ ਚੜ੍ਹਾਵਾਂ।



ਮੇਰੇ 'ਤੇ ਨਾ,
ਐਸਾ ਵਕਤ ਲਿਆਈਂ,
ਕਿ ਯਾਰਾਂ ਨੂੰ ਅਜ਼ਮਾਵਾਂ।

ਚਾਹੇ ਬੰਦਿਆ,
ਤੂੰ ਚੋਰੀ ਕਰ ਲਈ,
ਚਾਹੇ ਮਾਰ ਲਈਂ ਡਾਕਾ।
ਯਾਰ ਮਾਰ ਤੂੰ,
ਕਦੇ ਕਰੀਂ ਨਾਂ,
ਭਾਵੇਂ ਕੱਟ ਲਈਂ ਫਾਕਾ।

ਲੈ ਕੇ ਕਦੇ,
ਕਿਸੇ ਯਾਰ ਦੇ ਕੋਲੋਂ,
ਤੂੰ ਨਾ ਜਾਈ ਮੁੱਕਰ।
ਕ੍ਰਿਸ਼ਨ ਜੇਕਰ ਤੂੰ,
ਬਣ ਨਹੀਂ ਸਕਦਾ,
ਦੇਖੀਂ ਬਣੀ ਨਾ ਘੁਕਰ।

ਯਾਰੀ ਦੇ ਸਿਰ 'ਤੇ,
ਖੜੀ ਇਹ ਧਰਤੀ,
ਤੇ ਨਾਲੇ ਖੜ੍ਹੇ ਪਹਾੜ।
'ਭੱਜੀ' ਨਾ ਕਰੀਂ,
ਕੋਈ ਕੰਮ ਮਾੜਾ ਤੂੰ,
ਲੈ ਯਾਰੀ ਦੀ ਆੜ।

## ਯਾਰੀ
### (ਮੇਰੇ ਪਿੰਡ ਦੇ ਯਾਰਾਂ ਦੇ ਨਾਂ)

ਯਾਰੀ ਇਕ ਪਵਿੱਤਰ ਰਿਸ਼ਤਾ
ਇਹ ਸੋਚ ਸਮਝ ਕੇ ਲਾਈਏ ਦੋਸਤ।
ਲੋੜ ਪੈਣ ਤੇ ਦੇਹ ਸਿਰ ਆਪਣਾ
ਇਹ ਰਿਸ਼ਤਾ ਤੋੜ ਨਿਭਾਈਏ ਦੋਸਤ।
ਇਸ ਯਾਰੀ ਨੂੰ ਦਾਗ਼ ਨਾ ਲੱਗੇ
ਆ ਇਕ ਕਸਮ ਅਜ ਖਾਈਏ ਦੋਸਤ।
ਇਕ ਸੁਰ ਵਿਚ ਹੋ ਕੇ ਦੋਨੋਂ ਆਪਾਂ
ਗੀਤ ਯਾਰੀ ਦੇ ਗਾਈਏ ਦੋਸਤ।

ਅਜ ਤੋਂ ਲੈ ਕੇ ਆਖਰੀ ਦਮ ਤਕ
ਜੋ ਤੇਰਾ ਘਰ ਹੈ
ਉਹ ਮੇਰਾ ਘਰ ਹੈ।
ਜੋ ਮੇਰਾ ਘਰ ਹੈ
ਉਹ ਤੇਰਾ ਘਰ ਹੈ।

ਤੇਰੀ ਮਾਂ ਉਹ ਮੇਰੀ ਮਾਂ।
ਮੇਰੀ ਮਾਂ ਉਹ ਤੇਰੀ ਮਾਂ।

ਤੇਰਾ ਬਾਪੂ ਮੇਰਾ ਬਾਪੂ।
ਮੇਰਾ ਬਾਪੂ ਤੇਰਾ ਬਾਪੂ।

ਤੇਰੀ ਭੈਣ ਉਹ ਮੇਰੀ ਭੈਣ।
ਮੇਰੀ ਭੈਣ ਉਹ ਤੇਰੀ ਭੈਣ।



ਤੇਰਾ ਭਰਾ ਉਹ ਮੇਰਾ ਭਰਾ।
ਮੇਰਾ ਭਰਾ ਉਹ ਤੇਰਾ ਭਰਾ।

ਤੇਰੀ ਇੱਜ਼ਤ, ਮੇਰੀ ਇੱਜ਼ਤ।
ਮੇਰੀ ਇੱਜ਼ਤ, ਤੇਰੀ ਇੱਜ਼ਤ।

ਤੇਰੀ ਧੀ ਮੇਰੀ ਧੀ।
ਮੇਰੀ ਧੀ ਤੇਰੀ ਧੀ।

ਤੇਰਾ ਪੁੱਤ ਮੇਰਾ ਪੁੱਤ
ਮੇਰਾ ਪੁੱਤ ਤੇਰਾ ਪੁੱਤ

ਭੱਜੀ ਮੇਰੀ ਪਤਨੀ ਤੇਰੀ ਭੈਣ।
ਤੇਰੀ ਪਤਨੀ ਮੇਰੀ ਭੈਣ।

# ਕਿੱਕਰਾਂ ਦੇ ਫੁੱਲ

ਮਾਰੂਥਲ ਵਿਚ ਦਰਖ਼ਤ ਇਕ ਉੱਗਦਾ
ਜੀਹਨੂੰ ਕਹਿੰਦੇ ਕਿੱਕਰ।
ਬਿਨ ਪਾਣੀ, ਬਿਨ ਰਾਖੀ ਤੋਂ
ਇਹ ਪਲ ਰਿਹਾ ਹੁਣ ਤੀਕਰ।

ਕੀ ਕਰ ਰਿਹਾ, ਇਹ ਖੜ੍ਹਾ ਧੁੱਪ ਵਿਚ
ਇਸ ਤੋਂ ਕਿੱਕਰ ਪੈ ਗਿਆ ਨਾਂ।
ਜੇਠ ਹਾੜ ਦੀਆਂ ਧੁੱਪਾਂ ਦੇ ਵਿਚ
ਇਹੋ ਕਰਦਾ ਠੰਢੀ ਛਾਂ।

ਕੋਈ ਇਹਨੂੰ 'ਅਕੇਸ਼ਿਆ' ਕਹਿੰਦਾ
ਕੋਈ ਆਖੇ ਇਹਨੂੰ ਬਬੂਲ।
ਨਿੱਕੇ ਨਿੱਕੇ ਪੱਤੇ ਇਸਦੇ
ਤਿੱਖੇ ਵੱਡੇ-ਵੱਡੇ ਸੂਲ।

ਨਿੱਤ ਸਵੇਰੇ, ਕੱਟ ਇਹਦੀ ਟਾਹਣੀ
ਕਈ ਲੋਕੀ ਦਾਤਣ ਕਰਦੇ।
ਚੱਬ ਲੈਂਦੇ ਕਈ ਕੌੜੀ ਨਿੰਮ ਨੂੰ
ਇਹਦੇ ਕੰਡਿਆਂ ਕੋਲੋਂ ਡਰਦੇ।

ਕੱਟ ਕੱਟ ਇਹਦੇ ਕੰਡਿਆਲੇ ਟਾਹਣੇ
ਲੋਕ ਖੇਤਾਂ ਨੂੰ ਕਰਦੇ ਵਾੜ।
ਜਾਂ ਫੇਰ ਬਣਾਕੇ ਇਹ ਦਾ ਬਾਲਣ
ਚੁੱਲ੍ਹਿਆਂ ਦੇ ਵਿਚ ਲੈਂਦੇ ਸਾੜ।



ਫਲ ਇਹਦੇ ਨੇ ਫਲੀਆਂ ਵਾਂਗਰ
ਜਿਹਨਾਂ ਨੂੰ ਕਹਿੰਦੇ ਤੁੱਕੇ।
ਬੱਕਰੀਆਂ ਖਾਣ ਉਹਨੂੰ ਨਾਲ ਸੁਆਦ ਦੇ
ਜਾਂ ਊਠ ਕੋਈ ਖਾ ਕੇ ਬੁੱਕੇ।

ਜਾਂ ਬੱਚੇ ਕਰ ਦੋ ਫਾੜ ਇਨ੍ਹਾਂ ਨੂੰ
ਬਣਾ ਲੈਂਦੇ ਭੰਬੀਰੀ।
ਜਾਂ ਭੱਠੀ ਵਿਚ ਦਾਗ ਦੇਂਦੀ ਹੈ
ਕੋਈ ਦਾਣੇ ਭੁੰਨਦੀ ਝੀਰੀ।

ਮਿੱਟੀ ਦੇ ਵਿਚ ਰਲ ਜਾਂਦੇ ਨੇ
ਅੰਤ ਨੂੰ ਇਹਨਾਂ ਕਿੱਕਰਾਂ ਦੇ ਬੀ।
ਭੁੱਲ ਭੁਲੇਖੇ ਜੇ ਮੀਂਹ ਕਿਤੇ ਪੈ ਜੇ
ਇਹ ਫੇਰ ਨੇ ਪੈਂਦੇ ਜੀ।

ਪਰ ਇਨ੍ਹਾਂ ਕਿੱਕਰਾਂ ਨੂੰ ਬਸੰਤ ਦੀ ਰੁੱਤੇ
ਲੱਗਦੇ ਨਿੱਕੇ ਨਿੱਕੇ ਫੁੱਲ।
ਬੜੇ ਸੋਹਣੇ, ਉਹ ਪੀਲੇ ਰੰਗ ਦੇ
ਪਰ ਨਹੀਂ ਕੋਈ ਪਾਉਂਦਾ ਮੁੱਲ।

ਇਨ੍ਹਾਂ ਫੁੱਲਾਂ ਨੂੰ ਕੋਈ ਗੁੰਦ ਕੇ
ਕਿਸੇ ਦੇ ਗਲ ਵਿਚ ਹਾਰ ਨਾ ਪੌਂਦਾ।
ਨਾ ਹੀ ਕੋਈ ਪੁਜਾਰੀ ਚੁਕ ਕੇ
ਕਿਸੇ ਦੇਵਤੇ ਦੇ ਅੱਗੇ ਚੜ੍ਹੌਂਦਾ।

ਨਾ ਹੀ ਬਣਨ ਕਿਸੇ ਦੇ ਵਾਲਾਂ ਦੀ ਸ਼ੋਭਾ
ਨਾ ਕਿਸੇ ਸੋਹਣੀ ਦੀ ਸੇਜ ਤੇ ਵਿਛਦੇ।
ਨਾ ਹੀ ਭੇਂਟ ਕਰੇ ਕੋਈ ਪਰੇਮੀ
ਪੱਕੇ ਕਰਨ ਲਈ ਆਪਣੇ ਰਿਸ਼ਤੇ।

ਇਨ੍ਹਾਂ ਫੁੱਲਾਂ ਨੂੰ ਤੱਕ
ਸੱਸ ਕੋਈ
ਆਪਣੀ ਨੂੰਹ ਨੂੰ ਮਿਹਣਾ ਮਾਰੇ।

"ਨੀ ਕਿਕਰਾਂ ਨੂੰ ਫੁੱਲ ਲਗ ਗਏ
ਤੈਨੂੰ ਕੁਛ ਨਾ ਲੱਗਾ ਮੁਟਿਆਰੇ।"

ਦਾਵਾਗਨ ਦੇ, ਮਾਹੌਲ ਦੇ ਅੰਦਰ
ਇਹ ਨਾਲ ਦਰਖ਼ਤ ਸੜ ਨੇ ਜਾਂਦੇ।
ਜਾਂ ਕਿਤੇ ਫੇਰ ਇਹ ਝਖੜਾਂ ਦੇ ਵਿਚ
ਦਰਖ਼ਤਾਂ ਨਾਲੋਂ ਝੜ ਨੇ ਜਾਂਦੇ।

ਡਿੱਗੇ ਫੁੱਲਾਂ ਨੂੰ, ਪੈਰਾਂ ਹੇਠ ਲਿਤਾੜਣਦੀ
ਹਰ ਔਂਦੇ ਜਾਂਦੇ ਨੂੰ ਹੈ ਖੁਲ੍ਹ।
ਖਾ ਜਾਂਦੇ ਨੇ, ਇਨ੍ਹਾਂ ਨੂੰ ਲੇਲੇ.
ਜਾਂ ਮਿੱਟੀ ਵਿਚ ਜਾਂਦੇ ਰੁਲ।

ਇਹ ਫੁੱਲ, ਉਸ ਕੁੜੀ ਦੇ ਵਾਂਗੂੰ
ਜੋ ਕੱਲ੍ਹ ਮੇਰੇ ਵਤਨ ਤੋਂ ਆਈ।
ਜਿਹਦੇ ਘਰਦਿਆਂ ਬਿਨਾਂ ਪੁੱਛ-ਗਿੱਛ ਤੋਂ
ਇਕ ਅਜਨਬੀ ਦੇ ਲੜ ਲਾਈ।

ਏਥੇ ਆ ਕੇ, ਮਾਣ ਚਾਰ ਦਿਨ ਸੇਜਾਂ
ਜੇਹੜਾ ਸਾਥੀ ਉਹਨੂੰ ਛਡ ਗਿਆ ਹੋਵੇ।
ਧੱਕਾ ਦੇ ਹੈਵਾਨਾਂ ਦੇ ਜੰਗਲ ਵਿਚ
ਸਦਾ ਲਈ ਉਹ ਤੋਂ ਅਡ ਹੋ ਗਿਆ ਹੋਵੇ।

ਉਸ ਬੇਕਦਰੇ ਇਸ ਨਾਜ਼ਕ ਫੁੱਲ ਦੀ
ਭੋਰਾ ਜਿੰਨੀ ਵੀ ਕਦਰ ਨਾ ਪਾਈ।
ਜਾ ਵੜਿਆ ਫੇਰ, ਉਸ ਦੀ ਬੁੱਕਲ ਵਿਚ
ਜਿਸ ਪਹਿਲਾਂ ਨਹੀਂ ਸੀ ਤੋੜ ਨਿਭਾਈ।
ਛੱਡਕੇ ਉਹ ਮਾਰੂਥਲ ਦੀ ਧਰਤੀ
ਏਥੇ ਪਾਣੀ ਦੀ ਭਾਲ 'ਚ ਆਈ।
ਦੇਖੋ ਲੇਖ, ਉਸ ਬਦਕਿਸਮਤ ਦੇ
ਉਹ ਸਮੁੰਦਰ ਕੰਢੇ ਵੀ ਰਹੀ ਤਿਹਾਈ।

ਪਤਾ ਨਹੀਂ, ਏਥੇ ਕਿੰਨੇ ਰੁਲਦੇ
ਮੇਰੇ ਦੇਸ਼ ਦੀਆਂ ਕਿੱਕਰਾਂ ਦੇ ਫੁੱਲ।



ਪੈਰਾਂ ਹੇਠਾਂ ਲਤਾੜ ਨੇ ਦੇਂਦੇ
ਜੋ ਤਾਰਦੇ ਹਰੇ ਡਾਲਰਾਂ ਨਾਲ ਮੁੱਲ।

ਜੇ ਫੁੱਲਾਂ ਦੀ ਜੀਰਾਂਦ ਇਹੀ ਹੈ
ਫੇਰ ਕਿਉਂ? ਇਹ ਫੁੱਲ ਨੇ ਲੱਗਦੇ।
ਹਥੀਂ ਤੋੜ, ਮਸਲ ਨੇ ਦੇਂਦੇ
ਪੱਥਰ ਦਿਲ ਇਨਸਾਨ ਇਸ ਜੱਗ ਦੇ।

ਰੁਲਨਾ ਹੀ ਸੀ, ਜੇ ਇਨ੍ਹਾਂ ਦੇ ਭਾਗੀਂ
ਚੰਗਾ ਹੁੰਦਾ ਰੁਲਦੇ ਆਪਣੇ ਕਿੱਕਰਾਂ ਥੱਲੇ
ਮਿੱਧੇ ਫੁੱਲਾਂ ਦਾ, ਫੁੱਲ ਜਿੰਨਾ ਭਾਰ ਵੀ
ਇਸ ਜਹਾਨ ਤੇ ਕੋਈ ਨਾ ਝੱਲੇ।
'ਭੱਜੀ' ਸ਼ਾਇਦ ਇਨ੍ਹਾਂ ਲਈ ਇਹ ਗੱਲ ਸੱਚੀ
ਸ਼ਾਇਰ ਕਿਸੇ ਨੇ ਆਖੀ ਵੇ।
ਕਿੱਕਰਾਂ ਦੇ ਫੁੱਲਾਂ ਦੀ ਅੜਿਆ
ਕੌਣ ਹੈ ਕਰਦਾ ਰਾਖੀ ਵੇ।

# ਜੱਟ

ਸਾਰੇ ਜੱਗ ਤੋਂ ਵੱਖਰਾ,
ਮੈਂ ਪੰਜਾਬ ਦਾ ਜੱਟ।

ਖਿੜਿਆ ਰਹੇ,
ਸਦਾ ਮੇਰਾ ਮੱਥਾ,
ਕਦੇ ਨਾ ਪਾਵਾਂ ਵੱਟ।

ਮਿੱਟੀ ਨਾਲ ਘੁਲਣਾ,
ਕੰਮ ਹੈ ਮੇਰਾ,
ਕਦੇ ਨਾ ਬੈਠਾਂ ਹੱਟ।

ਉਏ,
ਸਾਰੀ ਦੁਨੀਆਂ ਖਾਂਵਦੀ,
ਮੇਰੀ ਕੀਤੀ ਖੱਟ।

ਸਿਧ ਪੱਧਰੀ ਜਿਹੀ,
ਗੱਲ ਹੈ ਮੇਰੀ,
ਫੈਸਲਾ ਕਰਾਂ ਮੈਂ ਝੱਟ।

ਆਪਣਾ ਬੰਨਾ,
ਕਦੇ ਨਾ ਛੱਡਾਂ,
ਭਾਵੇਂ ਜਾਵਾਂ ਕੱਟ।

ਸਿੱਧੂ, ਸੰਧੂ ,ਗਿੱਲ,



ਨਾਂ ਹੈ ਮੇਰਾ,
ਜਾਂ ਢਿੱਲੋਂ, ਕਾਹਲੋਂ, ਢੱਟ.

ਗੱਡੇ ਦੀ,
ਮੁੰਨੀ 'ਤੇ ਬੈਠਾ,
ਮੈਂ ਨਹੀਂ ਕਿਸੇ ਰਾਜੇ ਨਾਲੋਂ ਘੱਟ।

ਜੇ ਬਾਦਸ਼ਾਹ ਭੀ,
ਆ ਜਾਏ ਸਾਹਮਣੇ,
ਮੈਂ ਆਖਾਂ ਪਾਸੇ ਹੱਟ।
ਜੇ ਕੋਈ,
ਮੈਨੂੰ ਲਲਕਾਰਦਾ,
ਫੜ ਡਾਂਗ ਮੈਂ ਜਾਵਾਂ ਡੱਟ।

ਮੈਂ ਨਾ,
ਕਦੇ ਭੀ ਗੌਲਦਾ,
ਐਵੇਂ ਮਾੜੀ ਮੋਟੀ ਸੱਟ।

ਪਰ 'ਭੱਜੀ',
ਉਹ ਨਾ ਸਹਿ ਹੁੰਦੇ ਮੈਥੋਂ,
ਜੋ ਆਪਣਿਆਂ ਦਿੱਤੇ ਫੱਟ।

## ਜੱਟ ਦਾ ਪੁੱਤ

ਮਿੱਟੀ ਨਾਲ ਰੁਲ,
ਤੂੰ ਮਿੱਟੀ ਹੋਇਓਂ,
ਸੁਣ ਮਿੱਟੀ ਦਿਆ ਬੁੱਤਾ ਓਏ।

ਖਾਂਦੇ ਰਹੇ ਸਦਾ,
ਤੇਰੀ ਗੈਰ ਕਮਾਈ,
ਸੁਣ ਜੱਟ ਦਿਆਂ ਪੁੱਤਾ ਉਏ।

ਉਹਨਾਂ ਦੇ ਤਾਂ,
ਅੱਜ ਮਹਿਲ ਮਾੜੀਆਂ,
ਤੇਰੇ ਪੈਰੀਂ ਟੁੱਟਾ ਜੁੱਤਾ ਓਏ।

'ਭੱਜੀ' ਹੁਣ ਉਹਨਾਂ,
ਹੱਥ ਤੇਰੀ ਪੱਗ ਨੂੰ ਪਾ ਲਿਆ,
ਤੂੰ ਹਾਲੇ ਭੀ ਪਿਆ ਸੁੱਤਾ ਓਏ।

## ਜੱਟ ਦੀ ਵਿਸਾਖੀ

ਓਹ ਜੱਟਾ!
ਅੱਜ ਆਈ ਵਿਸਾਖੀ।
ਉਜੜੀਆਂ ਫਸਲਾਂ ਦੀ,
ਹੁਣ ਕੀ ਕਰਨੀ ਹੈ ਰਾਖੀ।

ਓਹ ਜੱਟਾ!
ਇਹ ਸ਼ਰਾਰਤ ਹੈ ਕਿਸਦੀ?
ਤੇਰੇ ਹੁਣ ਲੁਕਣ ਲਈ,
ਕੋਈ ਫ਼ਸਲ ਖੜ੍ਹੀ ਨਹੀਂ ਦਿਸਦੀ।

ਓਹ ਜੱਟਾ!
ਕਿਉਂ ਗਾਉਂਦਾ ਨਹੀਂ ਹੁਣ ਢੋਲਾ?
ਉਏ ਇਹ ਤਾਂ ਤੇਰੇ ਯਾਰ ਨਹੀਂ,
ਹੁਣ ਤਾਂ ਨਹੀਂ ਕੋਈ ਓਹਲਾ।

ਓਹ ਜੱਟਾ!
ਇਹ ਮੁਸੀਬਤ ਕਿਧਰੋਂ ਆਈ,
ਉਹ ਹੀ ਅੱਜ ਵੈਰੀ ਬਣ ਗਏ,
ਕੱਲ੍ਹ ਤੱਕ ਸੀ ਜੋ ਤੇਰੇ ਭਾਈ।

ਓਹ ਜੱਟਾ!
ਖੂਹਾਂ 'ਤੇ ਸੀ ਰੱਬ ਵਸਦਾ।
ਅੱਜ ਦੇਖ ਕੇ ਸੁੱਕਾ ਖੂਹ ਦਾ ਪਾਣੀ,
ਖਿੜ ਖਿੜ ਵੈਰੀ ਹੱਸਦਾ।

ਓਹ ਜੱਟਾ!
ਕਿਧਰ ਗਈ ਤੇਰੀ ਘੋੜੀ?
ਕਿਉਂ ਅੱਜ ਮੈਨੂੰ ਨਹੀਂ ਦਿਸਦੀ,
ਤੇਰੇ ਘਰ ਪੁੱਤਰਾਂ ਦੀ ਜੋੜੀ।

ਓਹ ਜੱਟਾ!
ਦੇਖ ਖੜਕਦੀਆਂ ਡਾਂਗਾਂ।
ਐਵੇਂ ਹੁਣ ਦਿਨ ਚੜ੍ਹਦਾ,
ਹੁਣ ਕੁੱਕੜ ਦੇਣ ਨਾ ਬਾਂਗਾਂ।

ਓਹ ਜੱਟਾ!
ਕੋਈ ਢਾਹ ਗਿਆ ਤੇਰਾ ਬੰਨਾ।
ਤੈਨੂੰ ਅੱਜ ਦਿਸਦਾ ਨਹੀਂ,
ਕੀਤਾ ਪੁੱਤਾਂ ਦੇ ਦੁੱਖਾਂ ਨੇ ਅੰਨ੍ਹਾ।

ਓਹ ਜੱਟਾ!
ਕਿਉਂ ਬੋਲੇਂ ਅੱਜ ਤੂੰ ਰੁੱਖਾ?
ਰੁੱਤ ਵਿਸਾਖੀ ਦੀ,
ਪਰ ਅੰਨਦਾਤਾ ਵਿਡੋਂ ਭੁੱਖਾ।

ਓਹ ਜੱਟਾ!
ਸੁਣ ਵੱਜਦਾ ਤੂੰ ਢੋਲ।
ਬਹਿ ਕੇ ਨਾਲ ਯਾਰਾਂ ਦੇ,
ਕੁਛ ਦੁੱਖੜੇ ਆਪਣੇ ਫੋਲ।

ਓਹ ਜੱਟਾ!
ਭੰਗੜਾ ਪੈਂਦਾ ਦੇਖ।
ਸ਼ੁਕਰ ਕਰ ਤੂੰ ਜਿਉਂਦਾ,
ਨਾ ਟੁੱਟੀ ਲੱਤ ਵੱਲ ਵੇਖ।

ਓਹ ਜੱਟਾ!
ਨਹੀਂ ਚੰਗਾ ਲਗਦਾ ਮੇਲਾ।
ਜਾਣ ਨੂੰ ਤਾਂ ਚਿੱਤ ਕਰਦਾ,
ਪਰ ਪੱਲੇ ਹੈ ਨਹੀਂ ਧੇਲਾ।



ਓਹ ਜੱਟਾ!
ਆਪਾਂ ਇੰਝ ਕਰੀਏ।
ਹੁਣ ਰੱਖੀਏ ਡਾਂਗ 'ਤੇ ਡੇਰਾ,
ਵੈਰੀ ਕੋਲੋਂ ਨਾ ਡਰੀਏ।

ਓਹ ਜੱਟਾ!
ਘਰ ਤੇਰੇ ਹੋ ਗਈ ਚੋਰੀ।
ਇਹਨਾ ਤੇਰਾ ਕੀ ਵਿਗਾੜਨਾ,
ਮਾਲਕ ਦੇ ਹੱਥ ਤੇਰੀ ਡੋਰੀ।

ਓਹ ਜੱਟਾ!
ਇਹ ਸਾਡੇ ਗੁਰਾਂ ਦਾ ਕਹਿਣਾ।
ਕੇਸਰੀ ਏਥੇ ਝੁੱਲਣੇ ਨੇ,
ਇਹਨਾਂ ਸਦਾ ਝੁੱਲਦੇ ਰਹਿਣਾ।

ਓਹ ਜੱਟਾ!
ਫੇਰ ਓਸ ਵਿਸਾਖੀ ਨੂੰ,
ਢੋਲ ਜ਼ੋਰ ਨਾਲ ਵੱਜੂਗਾ।
ਰਾਜ ਹੋਊ ਖਾਲਸੇ ਦਾ,
ਹਰ ਪਾਪੀ ਛੱਡ ਏਥੋਂ ਭੱਜੂਗਾ।

ਓਹ ਜੱਟਾ!
ਕਿਉਂ ਹਾਲੇ ਭੀ ਤੂੰ ਪਿਆ ਏਂ ਸੁੱਤਾ।
ਉੱਠ 'ਭੱਜੀ' ਤੈਨੂੰ ਵਾਜਾਂ ਮਾਰਦਾ,
ਹੁਣ ਜਾਗ ਗੋਬਿੰਦ ਸਿੰਘ ਦਿਆ ਪੁੱਤਾ।

# ਪੰਜਾਬ ਦੀ ਜੱਟੀ

ਮੈਂ ਜੱਟੀ ਦੇਸ਼ ਪੰਜਾਬ ਦੀ,
ਮੇਰੇ ਲੁੱਸ ਲੁੱਸ ਕਰਦੇ ਅੰਗ।
ਮੈਂ ਮੱਖਣਾਂ ਨਾਲ ਪਿੰਡਾ ਪਾਲਿਆ,
ਮੇਰੀ ਕੁੜਤੀ ਜਾਪੇ ਤੰਗ।

ਮੇਰਾ ਹੁਸਨ ਹੈ ਸਭ ਤੋਂ ਵੱਖਰਾ,
ਦੇਖ ਪਰੀਆਂ ਜਾਂਦੀਆਂ ਸੰਗ।
ਮੇਰੇ ਚੇਹਰੇ ਦਾ ਐਨਾ ਤਾਬ ਹੈ,
ਨਹੀਂ ਕੋਈ ਸਕਦਾ ਖੰਘ।

ਮੈਂ ਵਾਇਦੇ ਤੋੜ ਨਿਭਾਂਵਦੀ,
ਕਿਸੇ ਨਾ ਕਿਸੇ ਢੰਗ।
ਮੇਰੇ ਇਸ਼ਕ ਦੀਆਂ ਗੱਲਾਂ ਹੁੰਦੀਆਂ, ।
ਹਾਲੇ ਵੀ ਵਿਚ ਝੰਗ।

ਮੈਂ ਉੱਡਦੀ ਵਿਚ ਅੰਬਰਾਂ,
ਬਣਾ ਚੁੰਨੀ ਦੇ ਫੰਗ।
ਮੇਰੀ ਅੱਖਾਂ 'ਚ ਨਸ਼ਾ ਕਹਿਰ ਦਾ,
ਕੀ ਉਹਦੇ ਸਾਹਮਣੇ ਭੰਗ।

ਜਦ ਕਿਤੇ ਇਸ ਧਰਤ 'ਤੇ,
ਛਿੜ ਜਾਂਦੀ ਹੈ ਜੰਗ।
ਮੈਂ ਹੱਥੀਂ ਤਲਵਾਰ ਨੂੰ ਚੁੱਕਦੀ,
ਲਾਹ ਆਪਣੇ ਹਥੋਂ ਵੰਗ।



ਮੈਂ ਜੰਗ ਮੈਦਾਨ ਵਿਚ ਲੜਦੀ,
ਰਲ ਆਪਣੇ ਵੀਰਾਂ ਸੰਗ।
ਮੈਂ ਸੁਹਾਗ ਦਾ ਜੋੜਾ ਪਹਿਨਦੀ,
ਦੁਸ਼ਮਣ ਦੇ ਲਹੂ ਨਾਲ ਰੰਗ।

ਦੇਖ ਦੇਖ ਕੇ ਮੇਰੇ ਪੈਂਤੜੇ,
ਦੁਸ਼ਮਣ ਰਹਿ ਜਾਣ ਦੰਗ।
ਮੈਂ ਗਾਜਰਾਂ ਵਾਂਗੂ ਕੱਟਦੀ,
ਲੈਂਦੀ ਨੇਜਿਆਂ ਉੱਤੇ ਟੰਗ।

ਅੱਜ ਫਿਰ ਰਲ ਕੇ ਵੈਰੀਆਂ,
ਮੈਨੂੰ ਕੀਤਾ ਤੰਗ।
'ਭੱਜੀ' ਅੱਗੇ ਝੱਖੜ ਲੰਘ ਗਏ,
ਇਹ ਵੀ ਜਾਏਗਾ ਲੰਘ।

# ਪੰਜਾਬੀ

ਮੈਂ ਪੰਜਾਬੀ,
ਪੰਜਾਬ ਦਾ ਵਾਸੀ,
ਪੰਜ ਦਰਿਆਵਾਂ ਦਾ ਪਾਣੀ ਪੀਤਾ ਮੈਂ।

ਮਾਰੀ ਜੇਕਰ,
ਕਿਸੇ ਪੰਜਾਬ ਵੱਲ ਗੋਲੀ,
ਝੱਟ ਛਾਤੀ ਨੂੰ ਅੱਗੇ ਕੀਤਾ ਮੈਂ।

ਹੱਥ ਪਾਇਆ,
ਜਿਸ ਮੇਰੀ ਪੱਗ ਨੂੰ
ਉਹ ਬਾਂਹ ਮੋਢਿਉਂ ਵੱਢੀ ਮੈਂ।

ਕੈਰੀ ਅੱਖ ਨਾਲ,
ਜਿਸ ਪੰਜਾਬ ਵੱਲ ਤਕਿਆ,
ਉਹ ਅੱਖ ਝੱਟ ਕੱਢੀ ਮੈਂ।

ਵਾਰ ਜਿਸ ਪਹਿਲਾਂ,
ਮੇਰੇ 'ਤੇ ਕੀਤਾ,
ਭੰਨੀ ਉਹਦੀ ਹਰ ਹੱਡੀ ਮੈਂ।

ਰੱਜ ਕੇ ਖਾਵਾਂ,
ਤੇ ਦੇਵਾਂ ਭੁੱਖਿਆਂ ਨੂੰ,
ਨਹੀਂ ਝੋਲੀ ਕਿਸੇ ਅੱਗੇ ਅੱਡੀ ਮੈਂ।



ਹੱਕ ਨਾ ਮੈਂ ਕਦੇ,
ਕਿਸੇ ਦਾ ਮਾਰਿਆ,
ਨਾ ਹੱਕ ਦੀ ਕਮਾਈ,
ਕਦੇ ਮੈਂ ਛੱਡੀ।

ਹਾਲੇ ਮੇਰੀਆਂ ਰਗਾਂ ਵਿੱਚ,
ਲਹੂ ਵਗਦਾ ਹੈ,
ਹਾਲੇ ਬਾਕੀ ਮੇਰਾ ਦਮ ਹੈ।

ਲਹੂ ਪਾਕੇ,
ਜਗਦੀਆਂ ਰੱਖੂੰ ਜੋਤਾਂ,
ਲੋਅ ਜਿਹਨਾ ਦੀ ਹੋਈ ਕਮ ਹੈ।

ਵਾਸਤਾ ਏ ਤੁਹਾਨੂੰ,
ਮੇਰੇ ਵਤਨ ਦੇ ਲੋਕੋ,
ਇਸ ਧਰਤੀ ਦੇ ਪੰਜਾਂ ਪਾਣੀਆਂ ਦਾ।

ਵਾਸਤਾ ਏ ਤੁਹਾਨੂੰ,
ਮੇਰੇ ਵਤਨਾਂ ਦੇ ਲੋਕੋ,
ਭਗਤਾਂ ਤੇ,
ਗੁਰਾਂ ਦੀਆਂ ਬਾਣੀਆਂ ਦਾ।

ਵਾਸਤਾ ਏ ਤੁਹਾਨੂੰ,
ਮੇਰੇ ਵਤਨ ਦੇ ਲੋਕੋ,
ਸ਼ਹੀਦ ਹੋਏ,
ਮੇਰੇ ਹਾਣੀਆਂ ਦਾ।

ਜੇਕਰ ਤੁਹਾਡੀ,
ਪੰਜਾਬੀ ਜ਼ਮੀਰ ਹੈ ਜਿਉਂਦੀ,
'ਭੱਜੀ' ਮੁੱਲ ਪਾਇਓ,
ਉਹਨਾਂ ਦੀਆਂ ਕੁਰਬਾਨੀਆਂ ਦਾ।

# ਪੰਜਾਬੀ ਕੌਣ

## (ਛੋਟੇ ਵੀਰ ਧਨੋਏ ਦੇ ਨਾਂ)

**1**

**ਸਵਾਲ :** ਇਕ ਸੱਜਣ,
ਮੈਨੂੰ ਪੁੱਛਣ ਲੱਗਾ,
ਇਹ ਪੰਜਾਬੀ ਹੁੰਦੇ ਕੌਣ?
ਕਿਹੜੀ ਗੱਲ ਦਾ,
ਐਨਾ ਮਾਣ ਇਹਨੂੰ,
ਕਿਉਂ ਤੁਰਦੇ ਉੱਚੀ ਕਰਕੇ ਧੌਣ?

ਜਨਾਨੀਆਂ,
ਇਨ੍ਹਾਂ ਦੀਆਂ ਦੇ ਤੌਰ ਤਰੀਕੇ,
ਕਿਉਂ ਲਗਦੇ ਸਾਰੇ ਜੱਗ ਤੋਂ ਵੱਖਰੇ,
ਕਿਵੇਂ ਇਹਨਾਂ ਦੇ,
ਬਦਨ ਗਠੀਲੇ,
ਝੱਲੇ ਜਾਣ ਨਾ ਇਹਨਾਂ ਦੇ ਨਖਰੇ?

**2**

**ਜਵਾਬ :** ਸੱਜਣ ਜੀ,
ਇਸ ਦੁਨੀਆਂ 'ਚ,
ਇਕ ਐਸੀ ਧਰਤੀ,
ਜਿਥੇ ਵਗਦੇ ਪੰਜ ਦਰਿਆ।
ਵਾਰਸ ਉਹਨਾਂ ਉਥੋਂ ਦਾ,
ਅਖਵਾਉਂਦਾ ਪੰਜਾਬੀ,
ਜੋ ਨਾ ਕਦੇ ਕਿਸੇ ਤੋਂ ਡਰਿਆ।



ਜਿਊਂਦਾ ਇਹਨਾਂ,
ਕਦੇ ਮੁੜਨ ਨਾ ਦਿੱਤਾ,
ਜੇ ਦੁਸ਼ਮਣ ਕਿਸੇ ਪੈਰ ਉਥੇ ਧਰਿਆ।
ਵਾਰ ਜਦੋਂ,
ਕਿਸੇ ਇਸ 'ਤੇ ਕੀਤਾ,
ਇਸ ਨੇ ਸਦਾ ਸੀਨੇ 'ਤੇ ਜਰਿਆ।
ਉਹਨਾਂ ਦਰਿਆਵਾਂ ਦਾ,
ਕੋਨਾ-ਕੋਨਾ,
ਨਾਲ ਹੁਸਨ ਇਸ਼ਕ ਦੇ ਪਾਣੀ ਭਰਿਆ।
ਕਿਸੇ ਦੇ ਕੰਢੇ,
ਹੀਰ ਸੀ ਖੇਡੀ,
ਕਿਸੇ ਦਰਿਆ ਨੂੰ ਸੋਹਣੀ ਤਰਿਆ।

ਕਿਸੇ ਵੇਈਂ 'ਚੋਂ,
ਰੱਬ ਸੀ ਲੱਭਾ,
ਕਿਸੇ ਰਾਵੀ ਵਿਚ ਸਮਾਇਆ ਰੱਬ।
ਇਸ ਤਰ੍ਹਾਂ,
ਦਰਿਆ ਇਹ ਸਾਰੇ,
ਜੁੜੇ ਹੋਏ ਨੇ ਮਾਲਕ ਨਾਲ ਸਭ।

**3**

ਰੱਖਣ ਸਦਾ,
ਇਹ ਡਾਂਗ 'ਤੇ ਡੇਰਾ,
ਡਰਾਉਣ ਵਾਲਾ ਇਹਨਾਂ ਨੂੰ ਜੰਮਿਆ ਕੌਣ।
ਮਾਣ ਇਹਨਾਂ ਨੂੰ,
ਆਪਣੇ ਡੌਲਿਆਂ 'ਤੇ,
ਇਸ ਕਰਕੇ ਉੱਚੀ ਰੱਖਦੇ ਧੌਣ।

ਮੁਲਕ ਉਸ ਦੀਆਂ,
ਜੋ ਹਨ ਧੀਆਂ,
ਲਗਦੀਆਂ ਸਦਾ ਵਾਂਗ ਉਹ ਪਰੀਆਂ।
ਵਲ ਛਲ ਨਾ,
ਉਹਨਾਂ ਦੀ ਗੱਲ 'ਚ ਕੋਈ,
ਗੱਲਾਂ ਕਰਨ ਸਦਾ ਉਹ ਖਰੀਆਂ।

ਕਰਨ ਜੋ,
ਵਾਇਦਾ ਨਾਲ ਕਿਸੇ ਦੇ,
ਉਹਨੂੰ ਸਦਾ ਸਿਰੇ ਉਹ ਚਾੜ੍ਹਨ।
ਦੇ ਦੇਵੇ ਕੋਈ,
ਭਾਵੇਂ ਜ਼ਹਿਰ ਉਹਨਾਂ ਨੂੰ,
ਚਾਹੇ ਫੇਰ ਦਰਿਆ ਪਏ ਹਾੜ੍ਹਨ।

ਮੋਢੇ ਨਾ' ਮੋਢਾ ਲਾ,
ਉਹ ਕਰਨ ਕਮਾਈ,
ਦੁੱਧ ਉਹਨਾਂ ਬੂਰੀਆਂ ਦੇ ਪੀਤੇ।
ਲੋੜ ਪੈਣ 'ਤੇ,
ਫੜ ਹੱਥ ਤਲਵਾਰਾਂ,
ਨਾਲ ਮੁਕਾਬਲੇ ਦੁਸ਼ਮਣਾਂ ਕੀਤੇ।

ਫੁਰਤੀ ਉਹਨਾਂ ਵਿੱਚ,
ਸ਼ੀਹਣੀਆਂ ਵਰਗੀ,
ਤਾਹੀਓਂ ਇਹਨਾਂ ਦੇ ਬਦਨ ਗਠੀਲੇ।
ਅੰਬਰਾਂ ਦੇ ਵਿੱਚ,
ਇਹ ਉਡਣ,
ਲੈ ਕੇ ਦੁਪੱਟੇ ਹਰ ਨੀਲੇ ਪੀਲੇ।

ਤੀਆਂ ਗਿੱਧੇ,
ਕੱਤਣਾ ਪੀਹਨਾ,
ਤੌਰ ਤਰੀਕੇ ਸਭ ਨੇ ਵੱਖਰੇ।
ਹੁਸਨ ਜਦੋਂ,
ਕਿਸੇ ਨੂੰ ਰੱਬ ਹੈ ਦਿੰਦਾ,
ਆ ਜਾਂਦੇ ਨੇ ਆਪੇ ਨਖਰੇ।

4
ਪਰ ਸੱਜਣਾ,
ਉਹ ਜਾਣ ਨਹੀਂ ਸਕਦਾ,
ਜਦ ਤੱਕ ਨਾ ਹੋਵੇ,
ਕੋਈ ਉਥੇ ਜੰਮਿਆ।



ਦੁੱਧ ਚੁੰਘਿਆ ਨਾ ਹੋਵੇ,
ਉਸ ਕਿਸੇ ਸ਼ੀਹਣੀ ਦਾ,
ਨਾ ਦਾਦੀ ਹੋਵੇ ਜਿਹਨੂੰ ਥੰਮ੍ਹਿਆ।

ਪੈਕੇ, ਜੇ ਕਿਸੇ ਵਿਚ ਪੰਘੂੜੇ,
ਨਾ ਲਈ ਹੋਵੇ, ਕਦੇ ਮਾਂ ਤੋਂ ਲੋਰੀ।
ਮਾਣਿਆ ਨਾ ਹੋਵੇ,
ਨਿੱਘ ਸਿਆਲਾਂ ਨੂੰ,
ਬਾਲ ਕੇ ਕਿਸੇ ਚੁੱਬੇ 'ਚ ਘੋਰੀ।

ਸੁਣੀ ਨਹੀਂ,
ਜੇ ਮਾਂ ਕਦੇ ਰੋਂਦੀ,
ਜਵਾਨ ਪੁੱਤ ਲਈ,
ਉਸ ਬੱਸ ਕੀਰਨੇ ਪਾਉਂਦੀ।
ਭਾਗ ਭਰੀ,
ਭੈਣ ਜੇ ਕੋਈ,
ਸੁਣੀ ਨਹੀਂ,
ਉਸ ਘੋੜੀ ਗਾਉਂਦੀ।

ਜਾਗੋ ਨਹੀਂ,
ਜੇ ਦੇਖੀ ਨਿਕਲੀ,
ਤੱਕਿਆ ਨਹੀਂ ਕੋਈ ਭੰਗੜੇ ਪਾਉਂਦਾ।
ਸਿਆਲਾਂ ਦੀ ਰੁੱਤੇ,
ਜੇ ਨਹੀਂ ਸੁਣਿਆ,
ਰਾਤਾਂ ਨੂੰ ਜੱਟ ਢੋਲੇ ਗਾਉਂਦਾ।

5
ਤੱਕਿਆ ਨਹੀਂ,
ਜੇ ਕਦੇ ਉਸ ਨੇ,
ਪਿੱਪਲਾਂ ਥੱਲੇ ਝੂਟਦੀਆਂ ਮੁਟਿਆਰਾਂ।
ਦੋ ਦੋ ਘੜੇ, ਸਿਰਾਂ 'ਤੇ ਚੁੱਕ ਕੇ,
ਖੂਹਾਂ ਤੇ ਪਾਣੀ ਭਰਦੀਆਂ ਨਾਰਾਂ।

ਸੁਣੀ ਨਾ ਹੋਵੇ,
ਜੇ ਚਰਖੇ ਦੀ ਘੂੰ ਘੂੰ,
ਜਾਂ ਖਰੜ ਖਰੜ ਉਸ ਮਧਾਣੀਆਂ ਦੀ।
ਰੇਹੜੀ ਤੋਂ ਲੈ,
ਜੇ ਨਾ ਚਖੀ ਹੋਵੇ,
ਮਿਠਾਸ ਉਸ ਦੇ ਮਖਾਣਿਆਂ ਦੀ।

ਖੇਡਿਆ ਨਾ ਹੋਵੇ,
ਕਦੇ ਖੁੱਦੋ ਖੂੰਡੀ,
ਜਾਂ ਫੇਰ ਉਹ ਗੁੱਲੀ ਡੰਡਾ।
ਤਕੇ ਨਾ ਹੋਣ,
ਲਹਿਰਾਉਂਦੇ ਖੇਤ ਸਰੋਂ ਦੇ,
ਅਸਮਾਨਾਂ ਉਤੇ ਕੇਸਰੀ ਝੰਡਾ।

ਦੀਵੇ ਦੀ ਲੋਅ,
ਥੱਲੇ ਬਹਿ ਕੇ,
ਪਾਈਆਂ ਨਾ ਹੋਣ,
ਜੇ ਕਿਸ ਨੇ ਬਾਤਾਂ।
ਰੂੰ ਦੀ ਲੈ ਕੇ,
ਭਰੀ ਰਜਾਈ,
ਕੱਟੀਆਂ ਨਾ ਹੋਣ,
ਸਿਆਲਾਂ ਦੀਆਂ ਰਾਤਾਂ।

ਸੁਣੀ ਨਾ ਹੋਵੇ,
ਬਾਂਗ ਕੁੱਕੜ ਦੀ,
ਤੇ ਰਾਤਾਂ ਨੂੰ ਭੌਂਕਦੇ ਕੁੱਤੇ।
ਸੁੱਤਾ ਨਾ ਹੋਵੇ,
ਜੇ ਕੋਠੇ ਚੜ੍ਹ ਕੇ,
ਨੀਲੇ ਅੰਬਰ ਥੱਲੇ ਗਰਮੀ ਰੁੱਤੇ।

**6**

ਸਾਉਣ ਮਹੀਨਾ,
ਜੇ ਨਾ ਦੇਖ ਹੋਵਣ,



ਘਿਰ ਘਿਰ ਕਾਲੇ ਬੱਦਲ ਆਉਂਦੇ,
ਅੰਬਾਂ ਦੇ ਬਾਗਾਂ ਵਿਚ,
ਨਾ ਸੁਣੀਆਂ ਕੋਇਲਾਂ,
ਤੱਕੇ ਨਾ ਹੋਣ ਮੋਰ ਪੈਲਾਂ ਪਾਉਂਦੇ।

ਸੁਣਿਆ ਨਾ ਹੋਵੇ,
ਜੱਟ ਮਿਰਜ਼ਾ ਗਾਉਂਦਾ,
ਜਾ ਕੋਈ ਵਾਰਸ ਸ਼ਾਹ ਦੀ ਹੀਰ।
ਤੱਕੀ ਨਾ ਹੋਵੇ,
ਕੋਈ "ਭੱਠੀ ਵਾਲੀ",
ਜਾਂ ਬਹਿੰਗੀ ਚੁੱਕੀ ਜਾਂਦਾ ਝੀਰ।

ਹੱਕਿਆ ਨਾ ਹੋਵੇ,
ਜਿਸ ਨੇ ਗੱਡਾ,
ਆਪਣੇ ਹੱਥ ਵਿਚ ਫੜ ਕੇ ਸੋਟੀ।
ਖਾਧਾ ਨਾ ਹੋਵੇ,
ਸਾਗ ਸਰ੍ਹੋਂ ਦਾ,
ਕਦੇ ਉਸ ਨਾਲ ਮੱਕੀ ਦੀ ਰੋਟੀ।

ਸਣ ਕੱਢ ਕੇ,
ਜੇ ਨਾ ਤੱਕਿਆ ਹੋਵੇ,
ਕੋਈ ਜੱਟ ਵੱਟਦਾ ਰੱਸੀ।
ਸ਼ਾਹ ਵੇਲੇ,
ਜੇ ਨਾਲ ਮਿੱਸੀ ਰੋਟੀ ਦੇ,
ਕਿਸੇ ਨਾ ਪੀਤੀ ਹੋਵੇ ਲੱਸੀ।
ਜੋੜੇ ਨਾ ਹੋਣ,
ਜਿਸ ਨੇ ਹੱਥੀਂ,
ਬੱਗਾ ਲਾਖਾ ਆਪ ਪੰਜਾਲੀ।
ਤੱਕਿਆ ਨਾ ਹੋਵੇ,
ਵੱਡੇ ਤੜਕੇ,
ਖੇਤਾਂ ਦੇ ਵਿਚ ਫਿਰਦਾ ਹਾਲੀ।

7

ਕੋਠੇ ਜਿਸ ਨੇ,
ਹੋਣ ਨਾ ਦੇਖੇ,
ਕਣਕਾਂ ਦੇ ਨਾਲ ਹੋਏ ਭਰੇ।
ਭਾਂਤ ਭਾਂਤ ਦੀਆਂ,
ਫਸਲਾਂ ਦੇ ਨਾਲ, ਦੇਖੇ ਨਾ ਹੋਣ ਜੇ ਖੇਤ ਹਰੇ।

ਗਰਮੀ ਰੁੱਤੇ,
ਬਹਿ ਬੋਹੜ ਦੀ ਛਾਂਵੇਂ,
ਜੇ ਪੀਤਾ ਨਹੀਂ ਕਿਸੇ ਖੂਹ ਦਾ ਪਾਣੀ।
ਗਿਆ ਨਹੀਂ,
ਜੋ ਕਦੇ ਕਿਸੇ ਤੀਰਥ ’ਤੇ,
ਸੁਣੀ ਨਹੀਂ ਜਿਸ ਗੁਰਾਂ ਦੀ ਬਾਣੀ।

ਸੱਥ ’ਚ ਬੈਠੇ,
ਜੇ ਨਾ ਤੱਕੇ ਹੋਵਣ,
ਪਿੰਡ ਦੇ ਬੁੜ੍ਹੇ ਸਲਾਹਾਂ ਕਰਦੇ।
ਕੁਝ ਸਿਆੜਾਂ ਖਾਤਰ,
ਜੇ ਕਿਸੇ ਬੰਨੇ ’ਤੇ,
ਦੇਖੇ ਨਹੀਂ,
ਜੱਟ ਲੜ ਲੜ ਮਰਦੇ।

ਇਸ ਗੱਲ ਵਿਚ,
ਝੂਠ ਨਹੀਂ ਕੋਈ,
ਭਾਵੇਂ ਗੱਲ ਇਹ ਹੈ ਖਰਾਬ।
ਪੀਤੀ ਨਾ ਹੋਵੇ,
ਜੇ ਕਿਸੇ ਖੂਹ ’ਤੇ ਬਹਿਕੇ,
ਪਹਿਲੇ ਤੋੜ ਦੀ ਦੇਸੀ ਸ਼ਰਾਬ।
ਗੁੜ੍ਹਤੀ ਵਿਚ,
ਸ਼ਰਾਬ ਹੈ ਮਿਲਦੀ,
ਇਸ ਧਰਤੀ ਦੇ ਜੱਟਾਂ ਨੂੰ।
ਇਸ ਦੇ ਵਿਚ ਹੀ,
ਕਈ ਗਾਲ ਦੇਂਦੇ ਨੇ,



ਪਿਉ ਦਾਦੇ ਦੀਆਂ ਖੱਟਾਂ ਨੂੰ।
ਪਤਾ ਨਹੀਂ,
ਕਿੰਨੀ ਇਹ ਕਰਨ ਤਰੱਕੀ,
ਤੋੜ ਦੇਣ ਜੇ ਇਹ ਮੱਟਾਂ ਨੂੰ।

ਕੁਸ਼ਤੀ ਤੇ ਕਬੱਡੀ ਵਰਗੇ।
ਜੇ ਉਸ ਨੇ,
ਕੋਈ ਖੇਲ ਨਾ ਖੇਲੇ।
ਲੈ ਕੇ ਨਾਲ,
ਨਵੀਂ ਵਿਆਹੀ,
ਜੇ ਨਹੀਂ ਗਿਆ,
ਕਿਸੇ ਉਹ ਮੇਲੇ।

8

ਐਸੇ ਬੰਦੇ ਨੂੰ,
ਇਹ ਮੁਸ਼ਕਲ ਦਸਣਾ,
ਕਿ ਇਹ ਪੰਜਾਬੀ ਹੁੰਦੇ ਕੌਣ।
ਵਾਰਸ ਨੇ,
ਜੋ ਪੰਜ ਦਰਿਆਵਾਂ ਦੇ,
ਕਿਉਂ ਨਾ ਰੱਖਣ ਉੱਚੀ ਧੌਣ।

ਮਾਣ ਸਕਦਾ ਹੈ,
ਸਿਰਫ ਸੁਆਦ ਹੀ ਗੂੰਗਾ,
ਜਿਸ ਨੇ ਖਾਧਾ ਹੋਵੇ ਮਿੱਠਾ।
ਪਰ ਸੱਜਣਾ,
ਉਹ ਬਿਆਨ ਕਰਦਾ ਤਾਂ,
ਹਾਲੇ ਤਾਈਂ ਤਾਂ ਕਿਸੇ ਨਾ ਡਿੱਠਾ।

ਪੰਜ ਦਰਿਆਵਾਂ ਦੀ,
ਇਸ ਧਰਤੀ ਉੱਤੇ,
ਕਦੀ ਰਹਿੰਦੇ ਸੀ,
ਹਿੰਦੂ, ਮੁਸਲਮਾਨ ’ਤੇ ਸਿੱਖ।
ਪਰ ਇਸ ਦੇ,

ਅੰਮ੍ਰਿਤ ਵਰਗੇ ਪਾਣੀਆਂ ਵਿਚ,
ਗੈਰਾਂ ਨੇ ਰਲਾ ਦਿੱਤਾ ਹੈ ਵਿੱਸ਼।

ਕੁਝ ਸਾਲ ਪਹਿਲਾਂ,
ਇਕ ਝੱਖੜ ਆਇਆ,
ਵੰਡੇ ਗਏ ਇਹ ਪੰਜ ਦਰਿਆ।
ਸ਼ਰਮ ਦੇ ਨਾਲ,
ਸਿਰ ਝੁਕ ਜਾਂਦਾ ਏ,
ਜੋ ਪੰਜਾਬੀਆਂ,
ਇਕ ਦੂਏ ਨਾਲ ਕਰਿਆ।
ਭਾਵੇਂ,
ਹਿੰਦੂ-ਮੁਸਲਮਾਨ,
ਜਾਂ ਸਿੱਖ ਸੀ ਉਹ,
ਜੋ ਮਰਿਆ ਪੰਜਾਬੀ ਮਰਿਆ।
ਉਸ ਦਾ ਜੁਰਮਾਨਾ,
ਅੱਜ ਹੁਣ ਤਾਈਂ,
ਲੱਖਾਂ ਉੱਥੇ ਪੰਜਾਬੀਆਂ ਭਰਿਆ।

**9**

ਪਰ,
ਇਹਨਾਂ ਪੰਜਾਬੀਆਂ ਦੀ,
ਮਿਹਨਤ ਦੇ ਸਦਕੇ,
ਇਥੇ ਖੇਤ ਫੇਰ ਲਹਿਰਾਉਣ ਲੱਗ ਪਏ।
ਨੱਚ ਉਠੀਆਂ,
ਫੇਰ ਮੁਟਿਆਰਾਂ,
ਏਥੇ ਗੱਭਰੂ ਭੰਗੜੇ ਪਾਉਣ ਲਗ ਪਏ।
ਫੇਰ ਯਾਦ ਆਈਆਂ,
ਮਿਰਜ਼ੇ ਦੀਆਂ ਵਾਰਾਂ,
ਹੀਰ ਵਾਰਸ ਵੀ ਗਾਉਣ ਲੱਗ ਪਏ।
ਝੱਲ ਨਾ ਹੋਈ,
ਖੁਸ਼ਹਾਲੀ ਗੁਆਂਢੀਆਂ ਤੋਂ,
ਉਹ ਪਾਣੀ ਭੀ ਇਸ ਤੋਂ ਖੋਹਣ ਲੱਗ ਪਏ।



**10**

ਇੰਜ ਲਗਦਾ ਹੈ,
ਅੱਜ ਪੰਜਾਬ ਨੂੰ ਮੇਰੇ,
ਫੇਰ ਨਜ਼ਰ ਕਿਸੇ ਦੀ ਗਈ ਹੈ ਲੱਗ।
ਪੰਜ ਦਰਿਆਵਾਂ ਦੀ,
ਉਸ ਧਰਤੀ ਉੱਤੇ,
ਅਜ ਚਾਰੇ ਪਾਸੇ ਅੱਗ।
**ਕਿਸ ਨੇ,**
ਉਹ ਕਿਉਂ ਹੈ ਲਾਈ,
ਇਹ ਤਾਂ ਜਾਣੇ ਜੱਗ।
ਬੇਦਰਦੀ ਨਾਲ,
ਉਹ ਕੱਟੀ ਜਾਂਦੇ,
ਅੱਜ ਪੰਜਾਬੀਆਂ ਦੀ ਸ਼ਾਹ ਰਗ।
ਪਰ ਸਿਰ ਨਾਲੋਂ,
ਇਹਨੂੰ ਸਦਾ ਪਿਆਰੀ,
ਆਪਣੇ ਸਿਰ ਦੀ ਪੱਗ।

**11**

ਵੰਡਣ ਦੀ,
ਅੱਜ ਫੇਰ ਤਿਆਰੀ,
ਰਹਿ ਗਏ ਪਿੱਛੇ,
ਦਰਿਆ ਜੋ ਢਾਈ।
ਅੱਜ ਉਹ ਭੀ,
ਸਾਡੇ ਬਣ ਗਏ ਦੁਸ਼ਮਣ,
ਕਲ੍ਹ ਤੱਕ ਜੋ ਕਹਿੰਦੇ ਸੀ ਭਾਈ।

ਹਿੰਦੂ ਜਾਂ,
ਉਥੇ ਸਿੱਖ ਵਸਦੇ ਨੇ,
ਹੁਣ ਨਹੀਂ ਕੋਈ ਪੰਜਾਬੀ ਰਹਿੰਦਾ।
ਜੰਮ ਪਲ ਕੇ ਹਿੰਦੂ,
ਉਸ ਮਿੱਟੀ ਅੰਦਰ,
ਅੱਜ ਖੁਦ ਨੂੰ ਨਹੀਂ ਪੰਜਾਬੀ ਕਹਿੰਦਾ।
ਇਕ ਜੱਟ ਹੀ ਬੱਸ,

ਪੰਜਾਬ ਦਾ ਐਸਾ,
ਹਰ ਮਾਰ ਜੋ ਸਦਾ ਹੈ ਸਹਿੰਦਾ।
'ਮੈਂ ਪੰਜਾਬੀ,
ਇਹ ਪੰਜਾਬ ਹੈ ਮੇਰਾ'
ਆਖੇ ਇਹ ਗੱਲ ਉਠਦਾ ਬਹਿੰਦਾ।

ਪਰ ਖਤਮ ਕਰਨ ਲਈ,
ਉਸ ਦੀ ਹਸਤੀ ਨੂੰ,
ਅੱਜ ਉਥੇ ਵਾੜੀ ਜਾਂਦੇ ਭਈਏ।
ਗੈਰਾਂ ਦਾ,
ਪੂਰਾ ਜ਼ੋਰ ਹੈ ਲੱਗਾ,
ਖਰਚ ਰਹੇ ਉਹ ਲੱਖਾਂ ਰੁਪਈਏ।

ਪਰ,
ਜਿੰਨੀ ਦੇਰ ਤੱਕ,
ਇਹ ਦਰਿਆ ਨੇ ਵਗਦੇ,
ਵਸਦਾ ਇਹ ਪੰਜਾਬ ਰਹੇਗਾ।
ਹੋਰ ਕੋਈ ਨਾ,
ਭਾਵੇਂ ਆਖੇ,
ਖੁਦ ਨੂੰ ਪੰਜਾਬੀ ਜੱਟ ਕਹੇਗਾ।
ਅਸਲ ਵਾਰਸ,
ਉਹ ਪੰਜ ਦਰਿਆਵਾਂ ਦਾ,
ਹੱਸਕੇ ਹਰ ਇਕ ਸਿਤਮ ਸਹੇਗਾ।
'ਭੱਜੀ' ਰਖੇਗਾ,
ਉਹ ਖੁੰਡੀਆਂ ਮੁੱਛਾਂ,
ਜਦ ਤੱਕ ਨਾ,
ਧੜ ਤੋਂ ਸਿਰ ਲਹੇਗਾ।

## ਰੋਂਦਾ ਪੰਜਾਬ

ਇਕ ਮੌਕਾ ਸੀ,
ਜਦੋਂ ਮੇਰਾ ਪੰਜਾਬ,
ਘੁੱਗ ਵਸਦਾ ਸੀ।
ਹਰ ਪਾਸੇ ਸੀ,
ਰੌਣਕ ਉਥੇ,
ਹਰ ਕੋਈ,
ਉਥੇ ਹੱਸਦਾ ਸੀ।

ਹੀਰ ਰਾਂਝੇ ਦੀਆਂ,
ਕਰ ਕਰ ਗੱਲਾਂ,
ਲੋਕ ਗੀਤ,
ਪਿਆਰ ਦੇ ਰਚਦੇ ਸੀ।
ਥਾਂ ਥਾਂ,
ਤੇ ਸੀ ਮੇਲੇ ਲੱਗਦੇ,
ਲੋਕ ਖੁਸ਼ੀ 'ਚ ਨੱਚਦੇ ਸੀ।

ਅਚਾਨਕ ਇਕ ਦਿਨ,
ਪੰਜਾਬ 'ਤੇ ਮੇਰੇ,
ਅੰਬਰੋਂ ਟੁੱਟਿਆ ਨੀਲਾ ਤਾਰਾ।
ਬੱਸ,
ਉਸ ਦੇ,
ਨਾਲ ਹੀ ਖ਼ਤਮ ਹੋ ਗਿਆ,
ਦੇਸ਼ ਮੇਰੇ ਦਾ ਹਾਸਾ ਸਾਰਾ।

ਅੱਜ,
ਉਥੇ ਮਾਂ ਪੁੱਤ ਲਈ ਰੋਵੇ,
ਵੀਰੇ ਲਈ ਕੋਈ ਭੈਣ ਹੈ ਰੋਦੀ।
ਕੋਈ ਜੁਆਕ ਬਾਪੂ ਲਈ ਰੋਵੇ,
ਕੋਈ ਵਿਧਵਾ ਪਾ ਵੈਣ ਹੈ ਰੋਦੀ।

ਰੋਇਆ ਨਹੀਂ ਸੀ,
ਜੋ ਬੈਠ ਤਵੀ 'ਤੇ,
ਤੱਕਿਆ ਅੱਜ,
ਮੈਂ ਉਹਨੂੰ ਰੋਂਦਾ।
ਅੰਮ੍ਰਿਤਸਰ,
ਬੈਠ ਤਲਾਬ ਦੇ ਕੰਢੇ
ਤੱਕਿਆ ਨਾਨਕ,
ਖੂਨ ਦੇ ਸੋਹਲੇ ਗਾਉਂਦਾ।

ਬੁੱਝ ਗਏ ਦੀਵੇ,
ਘੁੱਪ ਹਨੇਰਾ,
ਦਿਸਦੀ ਨਹੀਂ ਹੁਣ ਦੀਵਾਲੀ ਆਉਂਦੀ।
ਭੰਗੜੇ ਭੱਜ ਗਏ,
ਉੱਡੀਆਂ ਖੁਸ਼ੀਆਂ,
ਪਰ ਮੌਤ ਉਥੇ ਨਿੱਤ ਭੰਗੜੇ ਪਾਉਂਦੀ।
ਜੱਟਾਂ ਨੂੰ ਅੱਜ,
ਢੋਲੇ ਭੁੱਲ ਗਏ,
ਕੋਈ ਮੁਟਿਆਰ ਨਹੀਂ ਘੋੜੀਆਂ ਗਾਉਂਦੀ।

ਬੱਦਲਾਂ ਉਹਲੇ ਲੁਕ ਕੇ ਚੰਨ ਹੈ ਰੋਂਦਾ
ਤਾਰਿਆਂ ਦੇ,
ਗਲ ਲਗ ਰਾਤ ਹੈ ਰੋਂਦੀ।
ਧਰਤੀ ਗਲ ਲੱਗ ਸੂਰਜ ਰੋਂਦਾ,
ਧਾਹਾਂ ਮਾਰ ਬਰਸਾਤ ਹੈ ਰੋਂਦੀ।
ਬੱਚਾ ਬੁੱਢਾ ਹਰਇਕ ਉਦਾਸਿਆ,
ਇੰਜ ਲੱਗੇ ਜਿਵੇਂ ਸਾਰੀ ਕਾਇਨਾਤ ਹੈ ਰੋਂਦੀ।



'ਰਾਵੀ' 'ਬਿਆਸਾ' ਲੈਂਦੇ ਹੋਕੇ,
ਸਤਲੁਜ ਗਲ ਲੱਗ 'ਚਨਾਬ' ਹੈ ਰੋਂਦਾ।
'ਭੱਜੀ' ਫੱਟਾਂ ਉਹਦਿਆਂ ਵਿਚੋਂ,
ਲਹੂ ਪਿਆ ਸਿੰਮੇ,
ਤੱਕਿਆ ਮੈਂ ਅੱਜ ਪੰਜਾਬ ਨੂੰ ਰੋਂਦਾ।

# ਪੰਜਾਬ ਦੀਆਂ ਰੁੱਤਾਂ

1
ਅੱਜ ਮੇਰੇ ਪੰਜਾਬ ਵਿਚ,
ਜਦੋਂ ਚੜ੍ਹਦਾ ਮਹੀਨਾ ਚੇਤ ਵੇ।
ਫਸਲਾਂ ਨਜ਼ਰ ਨਾ ਆਉਂਦੀਆਂ,
ਲੱਗਣ ਸੁੰਨੇ ਸੁੰਨੇ ਖੇਤ ਵੇ।
ਜਿਥੇ ਕਦੇ ਸੀ ਹਰੀਆਂ ਫਸਲਾਂ,
ਅੱਜ ਗੋਡੇ ਗੋਡੇ ਰੇਤ ਵੇ।
ਰਾਖੇ ਅੱਜ ਕਾਨੂੰਨ ਦੇ,
ਬਣ ਗਏ ਭੂਤ ਪਰੇਤ ਵੇ।

2
ਅੱਜ ਮੇਰੇ ਪੰਜਾਬ ਵਿਚ,
ਜਦੋਂ ਚੜ੍ਹਦਾ ਮਹੀਨਾ ਵਿਸਾਖ ਵੇ।
ਕਲ੍ਹ ਜੋ ਸੀ ਨੱਚਦੇ ਟਪਦੇ,
ਅੱਜ ਜਲਕੇ ਹੋਏ ਰਾਖ ਵੇ।
ਸਿੱਖੀ ਦੇ ਸੋਹਣੇ ਦਰਖਤ ਦੀ,
ਨਿਤ ਟੁੱਟਦੀ ਕੋਈ ਸ਼ਾਖ ਵੇ।
ਜੰਡ ਕਰੀਰ ਨੇ ਅੱਜ ਉਗ ਪਏ,
ਜਿਥੇ ਉਗਦੇ ਸੀ ਕਦੀ ਨਾਖ ਵੇ।

3
ਅਜ ਮੇਰੇ ਪੰਜਾਬ ਵਿਚ,
ਜਦੋਂ ਚੜ੍ਹਦਾ ਮਹੀਨਾ ਜੇਠ ਵੇ।
ਸਿਖਰ ਦੁਪਹਿਰੇ ਦਿਨ ਦੇ,



ਲੋਕੀਂ ਲੁਕਣ ਕੜਾਹਿਆਂ ਹੇਠ ਵੇ।
ਅੱਗ ਵਾਂਗੂੰ ਉਹ ਤਪਦੇ,
ਜਿਵੇਂ ਤਪਦਾ ਕੋਈ ਤੰਦੂਰ ਵੇ।
ਜਾਨ ਬਚਾਉਣ ਲਈ ਅੱਜ ਲੋਕੀ,
ਉਥੇ ਹੋਏ ਮਜਬੂਰ ਵੇ।

4
ਅੱਜ ਮੇਰੇ ਪੰਜਾਬ ਵਿਚ,
ਜਦੋਂ ਚੜ੍ਹਦਾ ਮਹੀਨਾ ਹਾੜ੍ਹ ਵੇ।
ਘਰਾਂ ਦੇ ਅੰਦਰ ਤੇ ਬਾਹਰ ਭੀ,
ਉਹ ਸਭ ਕੁਛ ਜਾਂਦਾ ਸਾੜ ਵੇ।
ਲੰਮੇ ਦਿਹਾੜੇ ਜੇਠ ਦੇ,
ਲੰਘਦੇ ਵਾਂਗ ਪਹਾੜ ਵੇ।
ਹਰ ਪਾਸੇ ਕੰਨੀ ਵੱਜਦੀ,
ਗੋਲੀਆਂ ਦੀ ਤਾੜ ਤਾੜ ਵੇ।
ਅੱਜ ਫਸਲਾਂ ਨੂੰ ਹੈ ਖਾ ਗਈ,
ਫਸਲਾਂ ਦੀ ਹੀ ਵਾੜ ਵੇ।
ਸਿੱਖੀ ਬੂਟੇ ਦੇ ਟੀਸੀ ਦੇ,
ਉਹ ਰਹੇ ਨੇ ਪੱਤ ਝਾੜ ਵੇ।
ਅੱਜ ਪੁੱਤ ਉਥੇ ਦਸਮੇਸ਼ ਦੇ,
ਉਹ ਰਹੇ ਫਾਂਸੀਆਂ ਚਾੜ੍ਹ ਵੇ।

5
ਅੱਜ ਮੇਰੇ ਪੰਜਾਬ ਵਿਚ,
ਜਦੋਂ ਚੜ੍ਹਦਾ ਮਹੀਨਾ ਸਾਉਣ ਵੇ।
ਭਾਵੇਂ ਵਿਚ ਬਰਸਾਤ ਦੇ,
ਖਿੱਚੀ ਜਾਂਦੀ ਮੰਜਿਆਂ ਦੀ ਦੌਣ ਵੇ।
ਪਰ ਪੀਘਾਂ ਕਿਤੇ ਨਾ ਪੈਦੀਆਂ,
ਨਾ ਕੁੜੀਆਂ ਗਾਉਂਦੀਆਂ ਗਾਉਣ ਵੇ।
ਮਾਹੀਂ ਜਿਨ੍ਹਾਂ ਦੇ ਵਿਛੜੇ,
ਉਹ ਕਿੰਝ ਸੇਜਾਂ 'ਤੇ ਸੌਣ ਵੇ।
ਅੱਜ ਨਾ ਦਿਲ ਨੂੰ ਭਾਵਦੀ,
ਭਾਵੇਂ ਵਗੇ ਪੁਰੇ ਦੀ ਪੌਣ ਵੇ।

ਟਾਹਣੀਓਂ ਟੁੱਟੇ ਫੁੱਲ ਵਾਂਗੂੰ,
ਉਹ ਪਲਾਂ ਦੇ 'ਚ ਕਮਲਾਉਣ ਵੇ।
ਯਾਦ ਕਰਕੇ ਵਿਛੜੇ ਦਿਲਬਰਾਂ,
ਉਹ ਇਕੱਲੀਆਂ ਬਹਿ ਬਹਿ ਰੋਣ ਵੇ।
ਘਰ ਘਰ ਇਹ ਹੀ ਹਾਲ ਏ,
ਉਹਨਾਂ ਨੂੰ ਧੀਰਜ ਦਿਲਾਵੇ ਕੌਣ ਵੇ।
ਸਿਰ ਉਹਨਾਂ ਦੇ ਵੱਢਤੇ,
ਜੋ ਉੱਚੀ ਰੱਖਦੇ ਧੌਣ ਵੇ।
ਤਕਦੇ ਸੋਹਣੇ ਬੱਦਲਾਂ ਨੂੰ,
ਨਾ ਪੈਲਾਂ ਪਾਉਂਦੇ ਮੋਰ ਵੇ।
ਸਿਖਰ ਦੁਪਹਿਰੇ ਦਿਨ ਦੇ,
ਉਥੇ ਸੰਨਾਂ ਲਾਉਂਦੇ ਚੋਰ ਵੇ।
ਧੀਆਂ ਭੈਣਾਂ ਚੁੱਕ ਕੇ ਜਾਂਵਦੇ,
ਨਹੀਂ ਚਲਦਾ ਦਿਸਦਾ ਜ਼ੋਰ ਵੇ।
ਲੋਕੀ ਬੂਹੇ ਭੇੜ ਦੇ,
ਸੁਣ ਬਚਾਓ ਬਚਾਓ ਦਾ ਸ਼ੋਰ ਵੇ।
ਅੱਜ ਮੇਰੇ ਪੰਜਾਬ ਦੀ,
ਗੈਰਾਂ ਦੇ ਹੱਥ ਡੋਰ ਵੇ।

6
ਅੱਜ ਮੇਰੇ ਪੰਜਾਬ ਵਿੱਚ,
ਜਦੋਂ ਚੜ੍ਹਦਾ ਮਹੀਨਾ ਭਾਦਰੋਂ ਵੇ।
ਰਹੀ ਖੁਹੀ ਮਿੱਟੀ ਮਿਲ ਗਈ,
ਮੇਰੇ ਲੋਕ ਅੱਜ ਬਿਨ ਆਦਰੋਂ ਵੇ।
ਬਜ਼ੁਰਗ ਡੱਕੇ ਵਿਚ ਠਾਣਿਆਂ,
ਬਿਨ ਪੱਗੋਂ ਬਿਨ ਚਾਦਰੋਂ ਵੇ।

7
ਅੱਜ ਮੇਰੇ ਪੰਜਾਬ ਵਿਚ,
ਜਦੋਂ ਚੜ੍ਹਦਾ ਮਹੀਨਾ ਅੱਸੂ ਵੇ।
ਲੋਕਾਂ ਨੂੰ ਇੰਜ ਕੁਟਦੇ,
ਜਿਵੇਂ ਕੁੱਟਦਾ ਨਹੀਂ ਕੋਈ ਪਸ਼ੂ ਵੇ।
ਅੱਜ ਚੇਹਰੇ ਰੋਣੇ ਜਾਪਦੇ,



ਜੋ ਕਰਦੇ ਸੀ ਹਸੂੰ ਹਸੂੰ ਵੇ।
ਨੂੰਹੇ ਸੱਪ ਸਰਕਾਰ ਦੇ,
ਕਰਦੇ ਫਿਰਦੇ ਡਸੂੰ ਡਸੂੰ ਵੇ।

8
ਅੱਜ ਮੇਰੇ ਪੰਜਾਬ ਵਿਚ,
ਜਦੋਂ ਚੜ੍ਹਦਾ ਮਹੀਨਾ ਕੱਤਾ ਵੇ।
ਗਰਮੀ ਭਾਵੇਂ ਕੁਛ ਘੱਟਦੀ,
ਪਰ ਜੇਠ ਹਾੜ ਵਾਂਗਰਾਂ ਤੱਤਾ ਵੇ।
ਲੋਕੀਂ ਉਂਜ ਹੀ ਮਰ ਰਹੇ,
ਕੋਈ ਫ਼ਰਕ ਨਹੀਂ ਪੈਂਦਾ ਰੱਤਾ ਵੇ।
ਖੇਤਾਂ 'ਚੋਂ ਹਾਲੀ ਗੁੰਮ ਗਏ,
ਉਹ ਕਿਥੇ ਲਿਜਾਣ ਅੱਜ ਭੱਤਾ ਵੇ।

9
ਅੱਜ ਮੇਰੇ ਪੰਜਾਬ ਵਿੱਚ,
ਜਦੋਂ ਚੜ੍ਹਦਾ ਮਹੀਨਾ ਮੱਘਰ ਵੇ।
ਜਾਨ ਬਚਾਵਣ ਦੇ ਲਈ,
ਲੋਕ ਹੋਣ ਘਰੋਂ ਬੇ-ਘਰ ਵੇ।
ਬੁਲ੍ਹਾਂ ਨੂੰ ਟਾਂਕੇ ਮਾਰ ਕੇ,
ਲੋਕੀ ਰਹੇ ਤਸੀਹੇ ਜਰ ਵੇ।
ਝੂਠ ਬਣਿਆ ਫਿਰੇ ਚੋਧਰੀ,
ਸੱਚ ਨੂੰ ਉਥੇ ਡਰ ਵੇ।
ਨੱਥ ਪਾਵੇ ਜੋ ਜ਼ੁਲਮ ਨੂੰ,
ਅੱਜ ਨ ਦਿਸਦਾ ਐਸਾ ਨਰ ਵੇ।

10
ਅੱਜ ਮੇਰੇ ਪੰਜਾਬ ਵਿਚ,
ਜਦੋਂ ਚੜ੍ਹਦਾ ਮਹੀਨਾ ਪੋਹ ਵੇ।
ਸੁਣਕੇ ਆਵਾਜ਼ ਕਿਸੇ ਜੀਪ ਦੀ,
ਪਵੇ ਕਾਲਜੇ ਖੋਹ ਵੇ।
ਨਾ ਉਸ ਘਰ ਵਿਚ ਕੁਛ ਭੀ ਛੱਡਦੀ,
ਜਿਸਨੂੰ ਜਾਏ ਉਹ ਛੋਹ ਵੇ।

ਅੱਜ ਮਰ ਗਈ ਉਥੇ ਇਨਸਾਨੀਅਤ,
ਲੋਕ ਰਹੇ ਲਹੂ ਨਾਲ ਹੱਥ ਧੋਹ ਵੇ।

**11**

ਅੱਜ ਮੇਰੇ ਪੰਜਾਬ ਵਿਚ,
ਜਦੋਂ ਚੜ੍ਹਦਾ ਮਹੀਨਾ ਮਾਘ ਕੇ।
ਲੋਕ ਡਰ ਨਾਲ ਥਰ ਥਰ ਕੰਬਦੇ,
ਤੇ ਰਾਤਾਂ ਕੱਟਣ ਜਾਗ ਕੇ।
ਐਥੇ ਚਾਰ ਚੁਫੇਰੇ ਘਰਾਂ ਦੇ,
ਜ਼ਹਿਰੀਲੇ ਫਨੀਅਰ ਨਾਗ ਵੇ।
ਜਿਸਨੂੰ ਭੀ ਡੰਗ ਮਾਰਦੇ,
ਸੜ ਜਾਣ ਉਹਨਾਂ ਦੇ ਭਾਗ ਵੇ।
ਕੋਇਲਾਂ ਨਜ਼ਰ ਨਾ ਆਉਂਦੀਆਂ,
ਉਜੜੇ ਪਏ ਨੇ ਬਾਗ ਵੇ।
ਹਰ ਪਿੰਡ ਦੇ ਮਸਾਨਾ ਵਿਚ,
ਲੋਕ ਦੇ ਰਹੇ ਨੇ ਦਾਗ ਵੇ।
ਪਰਦੇਸਣ ਕੋਈ ਭੈਣ ਅੱਜ,
ਐਵੇਂ ਉਡਾ ਰਹੀ ਕਾਗ ਵੇ।

**12**

ਅੱਜ ਮੇਰੇ ਪੰਜਾਬ ਵਿੱਚ,
ਜਦੋਂ ਚੜ੍ਹਦਾ ਮਹੀਨਾ ਫੱਗਣ ਵੇ।
ਰਾਤ ਦੀ ਲੁਟ ਸੰਭਾਲ ਕੇ,
ਫਿਰ ਡਾਕੂ ਤੁਰ ਪੈਣ ਠੱਗਣ ਵੇ।
ਕੁਛ ਦੇ ਘਰ ਦੀਵਾਲੀਆਂ,
ਨਾ ਦੀਵੇ ਕਿਤੇ ਜਗਣ ਵੇ।
ਅਰਥੀ ਸਾਹਮਣੇ ਆਉਂਦੀ ਦੇਖ ਕੇ,
ਕਹਿਣ ਚੰਗਾ ਸ਼ਗਨ ਵੇ।
ਕਿਤੇ ਬੱਕਰੇ ਪਏ ਨੇ ਰਿਝਦੇ,
ਤੇ ਤੰਦੂਰ ਨਾ ਕਿਤੇ ਮਘਣ ਵੇ।
ਉਲਟੇ ਦਰਿਆ ਅੱਜ ਤੁਰ ਪਏ,
ਉਲਟੀਆਂ ਹਵਾਵਾਂ ਵਗਣ ਵੇ।



ਧੀਆਂ ਅੱਜ ਪੰਜਾਬ ਦੀਆਂ,
ਸ਼ਰੇਆਮ ਹੋਣ ਨਗਣ ਵੇ।

**13**

ਅੱਜ ਮੇਰੇ ਪੰਜਾਬ ਵਿੱਚ,
ਆਉਂਦਾ ਇੰਜ ਹੀ ਹਰ ਮਹੀਨਾ ਵੇ।
ਜ਼ਾਲਮ ਨੇ ਸਭ ਉਹਦੇ ਕਰਿੰਦੇ,
ਤੇ ਰਾਜਾ ਬੜਾ ਕਮੀਨਾ ਵੇ।
ਮਾਰ ਮਾਰ ਕੇ ਗੋਲੀਆਂ,
ਇਹਨਾਂ ਛਾਨਣੀ ਕੀਤਾ ਸੀਨਾ ਵੇ।
ਨੀਂਦ ਇਹਨਾਂ ਹਰਾਮ ਹੈ ਕੀਤੀ,
ਕੀਤਾ ਮੁਸ਼ਕਲ ਸਾਡਾ ਜੀਨਾ ਵੇ।
ਪਤਾ ਨਾਹੀਂ ਹਾਲੇ ਹੋਰ ਕਿੰਨੀ ਦੇਰ,
ਇਹਨਾਂ ਲਹੂ ਸਾਡਾ ਹਾਲੇ ਪੀਨਾ ਵੇ।

**14**

ਦੁੱਧ ਮੱਖਣਾਂ ਨਾਲ ਪਾਲੇ ਪਿੰਡੇ,
ਅੱਜ ਗਿਲਝਾਂ ਨੇ ਖਾਣੇ ਵੇ।
ਹਾਹਾਕਾਰ ਹਰ ਪਾਸੇ ਮੱਚੀ,
ਕਿੰਝ ਸੁਣਾਈਏ ਗਾਣੇ ਵੇ।
ਅੰਨਿਆਂ ਦੇ ਇਸ ਮੁਲਕ ਦੇ ਅੰਦਰ,
ਅੱਜ ਰਾਜੇ ਬਣ ਗਏ ਕਾਣੇ ਵੇ।
ਨਵਾਂ ਸਾਲ ਕਾਹਦਾ ਨਵਾਂ ਸਾਡੇ ਲਈ,
ਜਦ ਹਾਲ ਨੇ ਉਹੀ ਪੁਰਾਣੇ ਵੇ।
'ਭੱਜੀ' ਨਵਾਂ ਸਾਲ
ਮੁਬਾਰਕ ਕਿੰਜ ਆਖਾਂ,
ਜਦ ਜ਼ੁਲਮ ਉਨ੍ਹਾਂ ਉਹੀ ਢਾਹਣੇ ਵੇ।

## ਸਰਾਪੀ ਧਰਤੀ

ਜਿਸ ਧਰਤੀ 'ਤੇ,
ਕੋਨੇ ਕੋਨੇ,
ਰੋਂਦੀਆਂ ਹੋਵਣ ਰੰਡੀਆਂ।
ਜਿਸ ਧਰਤੀ ਦੀ,
ਕੁੱਖ ਦੇ ਉੱਤੇ,
ਲਾਸ਼ਾਂ ਦੀਆਂ ਲੱਗਣ ਮੰਡੀਆਂ।

ਜਿਸ ਧਰਤੀ 'ਤੇ,
ਟੁੱਟ ਟੁੱਟ ਡਿੱਗਦੇ,
ਬੂਟਿਆਂ ਤੋਂ ਫਲ ਕੱਚੇ।
ਜਿਸ ਧਰਤੀ 'ਤੇ,
ਹੌਕੇ ਭਰਦੇ,
ਨਿੱਕੇ ਨਿੱਕੇ ਬੱਚੇ।

ਜਿਸ ਧਰਤੀ 'ਤੇ,
ਨਿੱਤ ਵਿਛੜਦੇ,
ਭੈਣਾਂ ਕੋਲੋਂ ਭਾਈ।
ਜਿਸ ਧਰਤੀ 'ਤੇ,
ਕੀਰਨੇ ਪਾਉਂਦੀ,
ਹਰ ਇਕ ਬੁੱਢੜੀ ਮਾਈ।

ਜਿਸ ਧਰਤੀ 'ਤੇ,
ਹਰ ਇਕ ਚਿਹਰਾ,



ਦਿਸਦਾ ਡਰਿਆ ਡਰਿਆ।
ਜਿਸ ਧਰਤੀ 'ਤੇ,
ਪਾਣੀ ਦੀ ਥਾਂ,
ਵਗਣ ਖ਼ੂਨੀ ਦਰਿਆ।

ਜਿਸ ਧਰਤੀ 'ਤੇ,
ਸਾਧ ਨੇ ਜੇਹਲੀਂ,
ਖੁੱਲ੍ਹੇ ਫਿਰਦੇ ਚੋਰ।
ਜਿਸ ਧਰਤੀ 'ਤੇ,
ਨਾ ਕੋਇਲਾਂ ਬੋਲਣ,
ਨਾ ਪੈਲਾਂ ਪਾਉਂਦੇ ਮੋਰ।

ਜਿਸ ਧਰਤੀ 'ਤੇ,
ਹਰ ਘਰ ਅੰਦਰ,
ਸਹਿਕਦੀਆਂ ਨੇ ਧੀਆਂ।
ਜਿਸ ਧਰਤੀ 'ਤੇ,
ਨਾ ਮੇਲੇ ਲਗਦੇ,
ਨਾ ਹੀ ਆਉਂਦੀਆਂ ਤੀਆਂ।

ਜਿਸ ਧਰਤੀ 'ਤੇ,
ਅੱਜ ਨਾ ਕੋਈ,
ਗੀਤ ਖ਼ੁਸ਼ੀ ਦੇ ਗਾਉਂਦਾ।
ਜਿਸ ਧਰਤੀ 'ਤੇ,
ਨਾ ਕੋਈ ਨੱਚਦੀ,
ਨਾ ਕੋਈ ਭੰਗੜੇ ਪਾਉਂਦਾ।

ਜਿਸ ਧਰਤੀ 'ਤੇ,
ਅੱਜ ਨਾ ਉਠਦੀ,
ਕਿਸੇ ਕੁੜੀ ਦੀ ਡੋਲੀ।
ਜਿਸ ਧਰਤੀ 'ਤੇ,
ਕੁੱਕੜ ਦੀ ਥਾਂ,
ਸਵੇਰੇ ਜਗਾਉਂਦੀ ਗੋਲੀ।

ਜਿਸ ਧਰਤੀ 'ਤੇ,
ਭੁੱਖੇ ਮਰਦੇ,
ਖੇਤੀ ਕਰਦੇ ਜੱਟ।
ਜਿਸ ਧਰਤੀ 'ਤੇ,
ਸੀਨੇ ਲਗਦੇ,
ਨਿੱਤ ਨਵੇਂ ਹੀ ਫੱਟ।

ਜਿਸ ਧਰਤੀ 'ਤੇ,
ਪਿੰਡ ਨੇ ਉਜੜੇ,
ਸੁੰਨੀਆਂ ਪਿੰਡ ਦੀਆਂ ਜੂਹਾਂ।
ਜਿਸ ਧਰਤੀ 'ਤੇ,
ਮਰਨ ਦੇ ਪਿੱਛੋਂ,
ਤੜਫ਼ਦੀਆਂ ਨੇ ਰੂਹਾਂ।

ਜਿਸ ਧਰਤੀ 'ਤੇ,
ਸ਼ਹਿਰ ਗਿਆ ਕੋਈ,
ਗੱਭਰੂ ਕਦੇ ਨਾ ਮੁੜਿਆ।
ਉਸ ਸਰਾਪੀ,
ਧਰਤੀ ਦੇ ਨਾਲ,
ਭਾਗ ਸਿੱਖਾਂ ਦਾ ਜੁੜਿਆ।

ਉਸ ਧਰਤੀ ਦੇ,
ਦੁੱਖੀ ਲੋਕਾਂ ਨੂੰ,
ਨਵਾਂ ਸਾਲ ਮੁਬਾਰਕ ਕਿੰਜ ਆਖਾਂ।
'ਭੱਜੀ' ਜਿਥੇ,
ਨਿੱਤ ਕਟੀ ਜਾਂਦੇ,
ਸਿੱਖੀ ਬੂਟੇ ਦੀਆਂ ਸ਼ਾਖਾਂ।

## ਸਹਿਮ

ਪੰਜਾਬ ਵਿਚ
ਅਜ ਹਵਾ ਵੀ ਡਰਦੀ
ਨਹੀਂ ਲੈਂਦੀ ਉੱਚੀ ਸਾਹ।
ਕੂੰਜਾਂ ਵੀ ਨਾ
ਉੱਡਣ ਪੰਜਾਬ ਉੱਤੋਂ ਦੀ
ਉਹਨਾਂ ਵੀ ਬਦਲੇ ਰਾਹ।

ਤਾਰੇ ਵੀ ਨਾਂ
ਟਿਮ ਟਿਮ ਕਰਦੇ
ਚੰਨ ਲਿਆ ਏ ਕਿਸੇ ਚੁਰਾ।
ਸੂਰਜ ਲਹੂ ਨਾਲ
ਲਥ ਪਥ ਹੋਇਆ
ਉਹ ਦੇ ਮਾਰਿਆ ਕਿਸੇ ਛੁਰਾ।

ਪਸ਼ੂ ਵੀ ਨਾਂ
ਅਜ ਚਰਨ ਖੇਤਾਂ ਵਿਚ
ਭਾਵੇਂ ਗੋਡੇ ਗੋਡੇ ਘਾਹ।
ਕੋਈ ਪੰਛੀ ਵੀ ਨਾ
ਫੜਕਦਾ ਉੱਥੇ
ਨਾ ਚਿੜੀਆਂ ਰਹੀਆਂ ਗਾ।

ਜੋ ਵੀ ਧੌਣ
ਉੱਚੀ ਕਰਦਾ
ਉਹਨੂੰ ਲੈਂਦੇ ਲਿਟਾ।
ਇਕ ਇਕ ਕਰਕੇ

ਉਸ ਅੰਬਰ ਦੇ
ਕੋਈ ਤਾਰੇ ਰਿਹਾ ਮਿਟਾ।

ਝਰਨੇ ਵੀ ਨਾ
ਝਰ ਝਰ ਕਰਦੇ
ਨਦੀਆਂ ਵੱਟੀ ਚੁਪ।
ਬਹਾਰ ਦੀ ਰੁੱਤ
ਉੱਥੇ ਔਣ ਤੋਂ ਪਹਿਲਾਂ
ਜਾਂਦੀ ਪਤਝੜ ਪਿੱਛੇ ਛੁਪ।

ਅੱਖਾਂ ਹੁੰਦੀਆਂ
ਲੋਕ ਨਾ ਦੇਖਣ
ਨਾ ਕੋਈ ਮਚਾਵੇ ਸ਼ੋਰ।
ਦਿਨ ਦਿਹਾੜੇ
ਸੰਨ੍ਹ ਪਈ ਲੌਂਦੇ
ਹਰ ਪਾਸੇ ਉੱਥੇ ਚੋਰ।

ਧੌਣ ਨਿਵਾਈ
ਪਹਾੜ ਨੇ ਬੈਠੇ
ਭਾਲਣ ਲੁਕਣ ਲਈ ਥਾਂ।
ਕੋਈ ਨਾ ਬਹਿੰਦਾ
ਪਿੱਪਲਾਂ ਥੱਲੇ
ਅੱਜ ਡਸੇ ਉਹਨਾਂ ਦੀ ਛਾਂ।

ਸਿੱਖ ਜਾਂ ਉਹ
ਫੇਰ ਹਿੰਦੂ ਜੰਮਦੀ
ਅੱਜ ਪੰਜਾਬ ਦੀ ਮਾਂ।
'ਸ਼ਿਵ' ਤੇ 'ਨੂਰਪੁਰੀ' ਦੀ
ਧਰਤੀ ਉੱਤੇ
ਅੱਜ ਕੋਈ ਪੰਜਾਬੀ ਨਾਂ।

ਕੋਇਲਾਂ ਨਾ
ਉੱਥੇ ਦਿਸਣ ਬਾਗਾਂ ਵਿਚ
ਅੰਬਾਂ ਤੇ ਬੈਠੇ ਕਾਂ।



ਇੱਜਤ ਨਾਲੋਂ
ਪਿਆਰੀ ਹੋ ਗਈ
ਕਈਆਂ ਨੂੰ ਉੱਥੇ ਜਾਂ।

ਅੱਕਾ ਨੂੰ ਹੈ
ਉੱਥੇ ਕੀਤੀ
ਅੱਜ ਅੰਬਾਂ ਨਾਲ ਵਾੜ।
ਤੀਰ ਚਲੌਂਦੇ
ਬੋਟਾਂ ਉੱਤੇ
ਲੈ ਰੁੱਖਾਂ ਦੀ ਆੜ।

ਆਲ੍ਹਣਿਆਂ ਵਿਚ
ਬੋਟ ਨਾ ਦਿਸਦੇ
ਉੱਥੇ ਰੋਂਦੀਆਂ ਬੈਠੀਆਂ ਚਿੜੀਆਂ।
ਜੋ ਉੜਦਾ
ਉਹ ਮੁੜ ਨਾ ਔਂਦਾ
ਇਹੋ ਜਹੀਆਂ ਨੇ ਗੱਲਾਂ ਛਿੜੀਆਂ।

ਰਹਿੰਦਾ ਨਾ ਕੋਈ
ਘਰਾਂ ਦੇ ਅੰਦਰ
ਬੂਹੇ ਬੰਦ ਤੇ ਬਾਰੀਆਂ ਭਿੜੀਆਂ।
ਫੁੱਲ ਬਣਨ ਤੋਂ
ਕੋਈ ਤੋੜ ਲਵੇਗਾ
ਇਸ ਡਰ ਤੋਂ ਨਾ
ਕਲੀਆਂ ਖਿੜੀਆਂ।

ਕਦੇ ਟੁੱਟਣ
ਉੱਥੇ ਨੀਲੇ ਤਾਰੇ
ਕਦੇ ਬਿਜਲੀ ਜਾਂਦੀ ਛੂਹ।
ਇਹੋ ਜਹੀਆਂ
ਅਨਹੋਣੀਆਂ ਗੱਲਾਂ
ਸਾੜ ਛੱਡੀ ਪੰਜਾਬ ਦੀ ਰੂਹ।

ਨਾ ਕੋਈ
ਪਾਣੀ ਭਰਨ ਨੂੰ ਜਾਵੇ

ਪਏ ਨੇ ਉਂ'ਜ ਹੀ ਖੂਹ।
ਮੌਤ ਜਿਹਾ
ਸਨਾਟਾ ਉੱਥੇ
ਸੁੰਨੀ ਪਿੰਡ ਦੀ ਜੂਹ।

ਪੁਲਿਸ ਫੌਜ ਦੇ
ਦੋ ਪੁੜ ਰਲਕੇ
ਰਹੇ ਪੰਜਾਬ ਨੂੰ ਪੀਹ।
ਹੋ ਜਾਏ
ਜਦ ਰਾਜਾ ਵੈਰੀ
ਉੱਥੇ ਪਰਜਾ ਕਰੂ ਕੀ।

ਖੇਤਾਂ ਵਿਚ ਨਾ
ਫਸਲਾਂ ਉੱਥੇ
ਨਾ ਅੰਬਾਂ ਤੇ ਬੂਰ।
ਘਸੁੰਨ ਸਭ ਨੂੰ
ਨੇੜੇ ਹੈ ਦਿਸਦਾ
ਰੱਬ ਲਗਦਾ ਹੈ ਦੂਰ।

'ਭੱਜੀ' ਹਰ ਕੋਈ
ਉੱਥੇ ਸਹਿਮਿਆ ਬੈਠਾ
ਨਹੀਂ ਚੇਹਰਿਆਂ ਉੱਤੇ ਨੂਰ।

# ਸਹਿਮੇ ਲੋਕ

ਘੂੰ ਘੂੰ ਨਾ ਅੱਜ ਕਰਦੀਆਂ
ਮੇਰੇ ਪਿੰਡ ਦੀਆਂ ਘੁੱਗੀਆਂ

ਇਕ ਵਾਵਰੋਲਾ ਉੜਾ ਲੈ ਗਿਆ
ਮੇਰੇ ਪਿੰਡ ਦੀਆਂ ਝੁੱਗੀਆਂ।

ਸਹਿਮੇ ਸਹਿਮੇ ਲੋਕੀਂ ਨੇ ਫਿਰਦੇ
ਸਹਿਮੀਆਂ ਸਹਿਮੀਆਂ ਮੇਰੇ ਪਿੰਡ ਦੀਆਂ ਗਲੀਆਂ।

ਝੁਲਸ ਗਏ ਨੇ ਫੁੱਲ ਸਰ੍ਹੋਂ ਦੇ
ਝੁਲਸ ਗਈਆਂ ਨੇ ਸਾਰੀਆਂ ਕਲੀਆਂ।

ਗੱਭਰੂ ਹੁਣ ਨਾ ਪਿੰਡ ਵਿਚ ਘੁੰਮਣ
ਰੱਖ ਆਪਣੇ ਮੋਢਿਆਂ ਤੇ ਡਾਂਗਾਂ।

ਚੁੱਪ ਚਪੀਤੇ ਹੁਣ ਸੂਰਜ ਚੜ੍ਹਦਾ
ਕੁੱਕੜ ਭੁੱਲ ਗਏ ਦੇਣੀਆਂ ਬਾਂਗਾਂ।

ਸ਼ਰ੍ਹੇਆਮ ਇੱਜ਼ਤਾਂ ਨੂੰ ਲੁੱਟਣ
ਅੱਜ ਉੱਥੇ ਹੁਸਨ ਇਸ਼ਕ ਦੇ ਚੋਰ।

ਬੇਬਸ ਅਜ ਸਭ ਲੋਕੀ ਦਿਸਦੇ
ਚਲਦਾ ਨਹੀਂ ਕਿਸੇ ਦਾ ਜ਼ੋਰ।

ਲੋਕੀਂ ਝੀਥਾਂ ਥਾਣੀਂ ਦੇਖਣ
ਭਿੜੇ ਹੋਏ ਨੇ ਪਿੰਡ ਦੇ ਬੂਹੇ।
ਕਿਰਲੀਆਂ ਚਿਪਕੀਆਂ ਛੱਤਾਂ ਦੇ ਨਾਲ
ਖੁਡਾਂ ਵਿਚ ਜਾ ਲੁਕੇ ਨੇ ਚੂਹੇ।

ਚਿੜੀਆਂ ਨੂੰ ਵੀ ਚੀਂ ਚੀਂ ਭੁੱਲ ਗਈ
ਨਾ ਕਾਂ ਹੀ ਕਰਦੇ ਨੇ ਕਾਂ ਕਾਂ।

ਹਰ ਪਾਸੇ ਸੱਨਾਟਾ ਛਾਇਆ
ਸੁਣਦੀ ਹੈ ਬਸ ਸਾਂ ਸਾਂ ਸਾਂ।

ਕੁੜੀਆਂ ਨੂੰ ਅੱਜ ਗਿੱਧੇ ਭੁੱਲ ਗਏ
ਨਾ ਅੱਜ ਲੱਗਣ ਤੀਆਂ।
ਘਰਾਂ ਦੇ ਅੰਦਰ ਛੁਪਕੇ ਬੈਠੀਆਂ
ਬੇਬਸ ਮਾਪਿਆਂ ਦੀਆਂ ਧੀਆਂ।

ਕਦੋਂ ਉਹ ਵੇਲਾ ਮੁੜ ਆਵੇਗਾ
ਜਦ ਕੋਈ ਰਾਤ ਨੂੰ ਬੂਹਾ ਖੋਲੂ?

'ਭੱਜੀ' ਤੜਕਸਾਰ ਜਦ ਪਿੰਡ ਮੇਰੇ
ਫੇਰ ਕੁੱਕੜ ਕੋਈ ਬੋਲੂ।

# ਕਬਰਾਂ ਦੀ ਫਸਲ

ਇਕ ਨਹਿਰ ਦੇ ਕੰਡੇ ਪਿੰਡ ਸੀ ਮੇਰਾ,
ਖੰਡ ਵਰਗੀ ਸੀ ਜਿਸਦੀ ਰੇਤ।
ਹਰ ਤਰ੍ਹਾਂ ਦੀ ਫਸਲ ਸੀ ਹੁੰਦੀ,
ਹਰੇ ਭਰੇ ਸੀ ਸਾਰੇ ਖੇਤ।

ਕਹਿੰਦੇ ਅੱਜ ਮੇਰੇ ਪਿੰਡ ਦੇ ਅੰਦਰ,
ਕਬਰਾਂ ਦੀ ਇਕ ਫਸਲ ਹੈ ਉੱਗੀ।
ਸਾਰੇ ਮਹਿਲ ਉਦਾਸ ਨੇ ਦਿਸਦੇ,
ਉੱਜੜੀ ਦਿਸਦੀ ਹਰ ਇਕ ਝੁੱਗੀ।

ਚਿੜੀਆਂ ਨਾ ਹੁਣ ਉਥੇ ਚਹਿਕਣ,
ਘੂੰ ਘੂੰ ਨਹੀਂ ਕੋਈ ਕਰਦੀ ਘੁੱਗੀ।
ਪੰਛੀ ਨਾ ਕੋਈ ਅੰਬਰ ਉੱਤੇ,
ਹਰਣ ਨਾ ਭਰਦੇ ਉੱਥੇ ਚੁੰਗੀ।

ਸੱਚ ਦੀ ਉਥੇ ਹਾਰ ਹੈ ਹੋਈ,
ਝੂਠ ਦੀ ਗੱਲ ਹੈ ਉੱਥੇ ਪੁੱਗੀ।
ਸੋਹਣੀ ਨੂੰ ਚੁੰਮਣ ਤੋਂ ਪਹਿਲਾਂ,
ਮੌਤ ਲੈ ਜਾਂਦੀ ਗੱਭਰੂਆਂ ਦੀ ਬੁੱਘੀ।
ਸ਼ਮਸ਼ਾਨਾਂ ਦਾ ਚੱਪਾ ਚੱਪਾ ਭਰਿਆ,
ਥਾਂ ਨਹੀਂ ਦਿਸਦੀ ਉੱਥੇ ਲੁੱਗੀ।

ਸਿਵਿਆ ਵਿਚ ਕੋਈ ਬੁੱਢੜਾ ਬੈਠਾ,
ਜਾਂ ਮਾਂ ਬੈਠੀ ਪਾਵੇ ਵੈਣ।

ਆਪਣੇ ਗੁਆਚੇ ਵੀਰ ਨੂੰ ਭਾਲੇ,
ਰੱਖੜੀ ਹੱਥ ਵਿਚ ਲੈ ਕੇ ਭੈਣ।
ਹੰਝੂਆਂ ਨਾਲ ਹੈ ਉਥੇ ਭਰਿਆ,
ਹਰ ਇਕ ਇਨਸਾਨ ਦਾ ਨੈਣ।

ਸਿਵਿਆਂ ਵਰਗੀ ਸ਼ਾਂਤੀ ਉਥੇ,
ਨਹੀਂ ਕਿਸੇ ਦੇ ਦਿਲ ਨੂੰ ਚੈਨ।
ਕਿਸ ਕਿਸ ਦਾ ਹੈ ਕੌਣ ਮਰਿਆ,
ਲੋਕੀਂ ਇਕ ਦੂਏ ਨੂੰ ਕਹਿਣ।
ਮੌਤ ਦੀ ਹੀ ਸਦਾ ਗੱਲ ਹੈ ਚਲਦੀ
ਜਿਥੋਂ ਕਿਤੇ ਚਾਰ ਲੋਕੀ ਬਹਿਣ।

ਲੋਥ ਦੀ ਗੱਠੜੀ ਬੰਨ੍ਹ ਕੇ ਲਿਆਉਂਦੇ,
ਸਾਬਤ ਨਹੀਂ ਹੁੰਦੀ ਕੋਈ ਅਸਤੀ।
ਖੰਡਰਾਤ ਦੇਖ ਕੇ ਪਤਾ ਹੈ ਲੱਗਦਾ,
ਕਦੇ ਏਥੇ ਹੁੰਦੀ ਸੀ ਬਸਤੀ।

ਰੋਣਾ ਧੋਣਾ ਰਹਿ ਗਿਆ ਪੱਲੇ,
ਖੰਭ ਲਾ ਕੇ ਉੱਡ ਗਈ ਮਸਤੀ।
'ਭੱਜੀ' ਲੱਕੜਾਂ ਦਾ ਭਾਅ ਬਹੁਤ ਹੈ ਮਹਿੰਗਾ,
ਮੌਤ ਕਹਿੰਦੇ ਮੇਰੇ ਪਿੰਡ ਹੈ ਸਸਤੀ।

## ਵਾਸਤਾ

ਨਵੀਂ ਵਿਆਹੀ ਮੁਟਿਆਰ
ਵਾਸਤਾ ਈ ਤੈਨੂੰ ਚੰਨਾ
ਤੂੰ ਨਾ ਜਾਈਂ ਸ਼ਹਿਰ ਵੇ।
ਕਾਹਦੀ ਤੈਨੂੰ ਐਨੀ ਕਾਹਲੀ
ਰਤਾ ਹੋਰ ਠਹਿਰ ਵੇ।
ਰਸਤੇ ਵਿਚ ਹੈ ਜੋ ਔਂਦੀ
ਕਹਿੰਦੇ ਵੱਡੀ ਨਹਿਰ ਵੇ।
ਉਸ ਉੱਤੇ ਫੌਜੀ ਬੈਠੇ
ਢੌਂਦੇ ਬੜਾ ਕਹਿਰ ਵੇ।
ਔਂਦੇ ਜਾਂਦੇ ਲੋਕਾਂ ਤਾਈਂ
ਉਹ ਲੁੱਟਣ ਸਿਖਰ ਦੁਪਹਿਰ ਵੇ।
ਸਿੱਖਾਂ ਦੇ ਖਿਲਾਫ ਉਹ
ਫਲੌਂਦੇ ਬੜਾ ਜ਼ਹਿਰ ਵੇ।

ਚੁੱਕ ਲੈ ਉਨ੍ਹਾਂ ਨੂੰ ਜਾਂਦੇ
ਜੋ ਬਜ਼ਾਰਾਂ 'ਚ ਕਰਦੇ ਸੈਰ ਵੇ।
ਇਕ ਬਾਰ ਉਹ ਜਿਹਨੂੰ ਚੁੱਕਦੇ
ਉਹ ਲੱਗਣ ਨਾ ਦੇਂਦੇ ਪੈਰ ਵੇ।
ਪਤਾ ਨਹੀਂ ਕਿਹੜੀ ਗੱਲੋਂ
ਉਨ੍ਹਾਂ ਦਾ ਸਾਡੇ ਨਾਲ ਵੈਰ ਵੇ
ਕੱਲ੍ਹ ਤਾਈਂ ਜੋ ਸਾਡੇ ਆਪਣੇ
ਉਹ ਹੀ ਹੋ ਗਏ ਗੈਰ ਵੇ
ਦੇਖੀਂ ਤੂੰ ਦਿਲ ਨਾ ਤੋੜੀਂ
ਪਾ ਦੇ ਮੈਨੂੰ ਖੈਰ ਵੇ।

**ਗੱਭਰੂ ਦਾ ਜਵਾਬ**

ਡਰ ਕੇ ਇਨ੍ਹਾਂ ਦੇ ਕੋਲੋਂ
ਨਹੀਂ ਬੈਠੇ ਰਹਿਣਾ ਘਰ ਨੀ।
ਰੱਬ ਦਾ ਹੱਥ ਮੇਰੇ ਸਿਰ ਤੇ
ਨਹੀਂ ਮੈਨੂੰ ਕਿਸੇ ਦਾ ਡਰ ਨੀ।
ਜਿੰਨੀ ਦੇਰ ਉਹ ਮੇਰੇ ਵਲ ਹੈ
ਇਹ ਕੁਛ ਨਹੀਂ ਸਕਦੇ ਕਰ ਨੀ।
ਬਸ ਥੋੜ੍ਹੀ ਦੇਰ ਦੜ ਵੱਟ
ਇਹ ਮੁਸੀਬਤ ਲੈ ਜਰ ਨੀ।
ਬੰਦਿਆਂ ਤੋਂ ਕੋਈ ਆਸ ਨਾ ਰੱਖੀਂ
ਨਾ ਛੱਡੀ ਗੁਰਾਂ ਦਾ ਦਰ ਨੀ।
'ਭੱਜੀ' ਜਿਨ੍ਹਾਂ ਨੇ ਅੰਮ੍ਰਿਤ ਪੀਤਾ ਹੋਵੇ
ਉਹ ਕਦੇ ਨਾ ਸਕਦੇ ਮਰ ਨੀ।

## ਘਰ ਦਾ ਚਾਨਣ

ਮੇਰੇ ਪਿੰਡ ਦੇ
ਘਰ ਵਾਲਿਆਂ
ਪੁੱਤ ਆਪਣਾ ਵਿਆਹੁਣ ਲਈ ਸੋਚਿਆ।

ਕੁਛ ਹੀ ਦਿਨਾਂ ਵਿਚ
ਉਸ ਘਰ ਦਾ ਵਿਹੜਾ
ਸਾਰਾ ਹੀ ਗਿਆ ਲਿਪਿਆ ਪੋਚਿਆ।

ਆਂਢਣਾਂ ਗੁਆਂਢਣਾਂ
ਹੋ ਕੇ ਇਕੱਠੀਆਂ
ਪਾਈਆਂ ਸਭ ਕੰਮਾਂ ਦੀਆਂ ਵੰਡੀਆਂ।

ਚਹਿਲ ਪਹਿਲ ਸੀ
ਦਿਸਦੀ ਹਰ ਪਾਸੇ
ਬਨੇਰਿਆਂ ਤੇ ਸੀ
ਫਰ ਫਰ ਕਰਦੀਆਂ ਝੰਡੀਆਂ।

ਕੰਧਾਂ ਪੁੱਛ ਰਹੀਆਂ
ਇਕ ਦੂਜੇ ਤੋਂ
ਕੀ ਇਹ ਹੈ ਉਹ ਹੀ ਮੁੰਡਾ
ਕਲ੍ਹ ਜੀਹਦੇ ਤੇੜ ਸੀ ਤੜਾਗੀ।

ਦੋਸਤਾਂ ਤੇ ਰਿਸ਼ਤੇਦਾਰਾਂ ਨੂੰ

ਪਹੁੰਚਾ ਰਹੇ ਸੀ ਰੁੱਕੇ
ਮੇਰੇ ਪਿੰਡ ਦੇ ਲਾਗੀ।

ਭੈਣਾਂ ਨੇ ਰਲ
ਵਾਗ ਫੜ ਲਈ
ਵੀਰ ਜਦੋਂ ਸੀ ਚੜ੍ਹਿਆ ਘੋੜੀ।

ਹਰ ਇਕ ਨੇ
'ਸੀਸਾਂ ਇਹ ਦਿੱਤੀਆਂ
ਜੁੱਗ ਜੁੱਗ ਜੀਵੇ ਨਵੀਂ ਇਹ ਜੋੜੀ।

ਕੁੜੀਆਂ ਨੇ
ਖ਼ੂਬ ਗਿੱਧਾ ਪਾਇਆ
ਕੋਈ ਉੱਚੀ ਉੱਚੀ ਗਾ ਰਿਹਾ ਸੀ।

ਚੌਹਾਂ ਦੇ ਮੋਢਿਆਂ ਤੇ ਚੜ੍ਹਕੇ
ਕੋਈ ਨਵਾਂ ਜੀ
ਅੱਜ ਇਸ ਘਰ ਵਿਚ ਆ ਰਿਹਾ ਸੀ।

ਸਾਰੇ ਪਿੰਡ ਵਿਚ
ਖੌਰੂ ਮਚਿਆ
ਭੰਗੜੇ ਪਾ ਰਹੇ ਸੀ ਹਾਣੀ।

ਮਾਂ ਨੇ
ਲੱਖਾਂ ਸ਼ਗਨ ਮੰਨਾਏ
ਪੀਤਾ ਸਿਰਾਂ ਤੋਂ ਵਾਰ ਕੇ ਪਾਣੀ।

ਦੂਜੇ ਦਿਨ
ਜਦੋਂ ਕਿਸੇ ਕੰਮ ਲਈ
ਉਹਨੂੰ ਸ਼ਹਿਰ ਵੱਲ ਪੈ ਗਿਆ ਜਾਣਾ।

ਕਹਿੰਦਾ ਹੁਣੇ ਗਿਆ
ਤੇ ਹੁਣੇ ਮੈਂ ਆਇਆ
ਘਰ ਆ ਕੇ ਖਾਊਂ ਦੁਪਹਿਰ ਦਾ ਖਾਣਾ।



ਨਹਿਰ ਦੇ ਉੱਤੇ
ਮੁੜ ਔਂਦੇ ਨੂੰ
ਪੁਲਿਸ ਵਾਲਿਆਂ ਪਾ ਲਿਆ ਘੇਰਾ।

ਉਨ੍ਹਾਂ ਅੱਗੇ
ਕੋਈ ਪੇਸ਼ ਨਾ ਚੱਲੀ
ਜ਼ੋਰ ਲਾਇਆ ਸੀ ਉਹਨੇ ਬਥੇਰਾ।

ਦੁਪਹਿਰ ਢਲੀ
ਪੈ ਗਈਆਂ ਸ਼ਾਮਾਂ
ਚੂੜੇ ਵਾਲੀ ਰਹੀ ਉਡੀਕ।
ਐਧਰ ਉੱਧਰ, ਭੇਜੇ ਬੰਦੇ,
ਉਹ ਕਿਉਂ ਨਹੀਂ ਆਇਆ ਹੁਣ ਤੀਕ।

ਦੂਸਰੇ ਦਿਨ
ਜਦੋਂ ਖ਼ਬਰ ਮਿਲੀ ਤਾਂ
ਮਾਂ ਨੇ ਮਾਰੀ ਉੱਚੀ ਚੀਕ।

ਅੱਜ ਉਸੇ ਹੀ
ਵਿਹੜੇ ਦੇ ਵਿਚ
ਪਿਆ ਸੀ ਕੋਈ ਭੁੰਜੇ ਮੋਇਆ।

ਪੁੱਛ ਰਹੀਆਂ ਸੀ
ਕੰਧਾਂ ਇਕ ਦੂਈ ਤੋਂ
ਇਹਨੂੰ ਚੰਗੇ ਭਲੇ ਨੂੰ ਕੀ ਹੈ ਹੋਇਆ।

ਆਂਢੀ ਗੁਆਂਢੀ
ਜਾ ਲੁਕੇ ਘਰਾਂ ਵਿਚ
ਥਰ ਥਰ ਕੰਬ ਰਹੀਆਂ ਸੀ ਝੰਡੀਆਂ।

ਕੈਸੇ ਭਾਗ ਮਾੜੇ
ਉਨ੍ਹਾਂ ਧੀਆਂ ਦੇ
ਵਿਆਹ ਤੋਂ ਬਾਦ ਜੋ ਹੋ ਜਾਣ ਰੰਡੀਆਂ।

ਭਾਂਡੇ ਸਾਰੇ ਪਏ ਸੀ ਜੂਠੇ
ਅੱਗ ਨਹੀਂ ਸੀ
ਅੱਜ ਉਨ੍ਹਾਂ ਦੇ ਚੁਲ੍ਹੇ।

ਕੱਲ੍ਹ ਜਿਸ ਦੇ
ਸਿਰ ਸੀ ਰੰਗਲਾ ਸਾਲੂ
ਵਾਲ ਉਹਦੇ ਅਜ ਪਏ ਸੀ ਖੁੱਲ੍ਹੇ।

ਅੱਖਾਂ ਨੂੰ
ਛਡ ਤੁਰ ਗਿਆ ਕਜਲਾ
ਹੱਥਾਂ ਉੱਤੇ ਉਂਜ ਹੀ ਸੀ ਮਹਿੰਦੀ।

ਕਿੰਜ ਕੱਟੇਗੀ
ਭਾਬੀ ਉਮਰ ਲੰਮੇਰੀ
ਨਨਾਣ ਉਹਦੀ ਅਜ ਇਹ ਸੀ ਕਹਿੰਦੀ।

ਕਿਸ ਦੇ ਅਸੀਂ
ਬੰਨ੍ਹਾਂਗੀਆਂ ਰੱਖੜੀ
ਪਾ ਰਹੀਆਂ ਸੀ ਭੈਣਾਂ ਕੀਰਨੇ।

ਬਾਪੂ ਕਿਉਂ ਸਾਨੂੰ
ਸਦੀਵੀ ਵਿਛੋੜਾ ਦਿੱਤਾ
ਅੱਜ ਸਾਡੇ ਇਕਲੌਤੇ ਵੀਰ ਨੇ।

ਅਰਥੀ ਜਦ
ਅਜ ਵੇਹੜੇ ਤੋਂ ਚੁੱਕੀ
ਹਰ ਇਕ ਜੀਅ ਕੁਰਲਾ ਰਿਹਾ ਸੀ।

'ਭੱਜੀ' ਅੱਜ ਇਸ ਘਰ ਦਾ ਚਾਨਣ
ਚੌਹਾਂ ਦੇ ਮੋਢਿਆਂ ਤੇ ਚੜ੍ਹਕੇ
ਸਦਾ ਲਈ ਕਿਤੇ ਜਾ ਰਿਹਾ ਸੀ।

## ਗੁਲ ਦੀਵੇ

ਛੱਡ ਜਾਂਦੇ,
ਜੋ ਇਸ ਜੱਗ ਨੂੰ ਇਕ ਵਾਰੀ,
ਉਹ ਮੁੜ ਕੇ ਕਦੇ ਭੀ ਔਂਦੇ ਨਹੀਂ।
ਮਰ ਗਿਆ ਹੋਵੇ,
ਜਿਹਨਾਂ ਦਾ ਕੋਈ,
ਉਸ ਘਰ ਦੇ ਲੋਕੀਂ ਸੌਂਦੇ ਨਹੀਂ।
ਢੁਕਦੀ ਹੋਵੇ,
ਮਕਾਣ ਜਿਸ ਦੇ ਘਰ ਵਿਚ,
ਉਹ ਗੀਤ ਖੁਸ਼ੀ ਦੇ ਗੌਂਦੇ ਨਹੀਂ।
ਭੁੱਲ ਜਾਂਦੇ,
ਸਭ ਸ਼ਿੰਗਾਰ ਉਹਨਾਂ ਨੂੰ,
ਉਹ ਮੂੰਹ ਹੱਥ ਭੀ ਆਪਣਾ ਧੋਂਦੇ ਨਹੀਂ।
ਮਠਿਆਈ ਤਾਂ,
ਇਕ ਪਾਸੇ ਰਹੀ,
ਉਹ ਰੋਟੀ ਮੂੰਹ ਵਿਚ ਪੌਂਦੇ ਨਹੀਂ।

ਜਿਸ ਘਰ ਦਾ,
ਸਿਵਾ ਕੋਈ ਬਲਦਾ ਹੈ,
ਉਹਨਾਂ ਦੇ ਚੁਲ੍ਹੇ ਵਿਚ,
ਅੱਗ ਬਲਦੀ ਨਹੀਂ।
ਉਹ ਭੁੱਖਣ ਭਾਣੇ,
ਸੌ ਜਾਂਦੇ,
ਹਾਲਤ ਸੁਧਰਦੀ ਜਲਦੀ ਨਹੀਂ।

ਗੁਲ ਹੋ ਜਾਂਦੇ,
ਜਿਨ੍ਹਾਂ ਦੇ ਕੁਲ ਦੇ ਦੀਵੇ,
ਉਹ ਦੀਵੇ ਕਦੇ ਜੱਗਦੇ ਨਹੀਂ।
ਲੁੱਟ ਜਾਂਦਾ,
ਸੰਸਾਰ ਜਿਹਨਾਂ ਦਾ,
ਉਹ ਹਵਾਈ ਕਿਲ੍ਹੇ ਬਣੌਂਦੇ ਨਹੀਂ।
ਰੁੱਸ ਜਾਣ,
ਜਿਹਨਾਂ ਨਾਲ ਹਾਸੇ,
ਉਹ ਦਿਵਾਲੀ ਕਦੇ ਮਣੌਂਦੇ ਨਹੀਂ।
ਦਿੱਸਦਾ ਨਹੀਂ,
ਕੋਈ ਘਰ ਐਸਾ,
ਜਿਸ ਵਿਚ ਕੋਈ ਮਰਿਆ ਨਹੀਂ।
ਕੱਲ੍ਹ ਕਿਸੇ,
ਜਾਂ ਚਾਰ ਦਿਨ ਪਹਿਲਾਂ,
ਜਿਸ ਸੰਸਕਾਰ ਕਿਸੇ ਦਾ ਕਰਿਆ ਨਹੀਂ।
ਤਕਦੇ ਦੇਖ,
ਨੇੜੇ ਆਉਂਦੀ ਦਿਵਾਲੀ,
ਜਿਸ ਠੰਢਾ ਹੋਕਾ ਭਰਿਆ ਨਹੀਂ।
ਹੋਏਗਾ ਕੋਈ,
ਇਕ ਲੱਖ 'ਚੋਂ,
ਜਿਸ ਦਰਦ ਵਿਛੋੜੇ ਦਾ ਜਰਿਆ ਨਹੀਂ।

ਇਕ ਝੱਖੜ,
ਆਇਆ ਧਰਤੀ 'ਤੇ,
ਗੁਲ ਦੀਵੇ ਉਸ ਨੇ ਕਰ ਦਿੱਤੇ।
ਉਥੇ ਖੂਨ ਹੋਇਆ,
ਅਰਮਾਨਾਂ ਦਾ,
ਉਹ ਨਾਲ ਲਹੂ ਦੇ ਭਰ ਦਿੱਤੇ।

ਗੁਲ ਹੋਵੇ,
ਇਹਨਾਂ ਦੀਵਿਆਂ ਨਾਲ,
ਮੰਨ ਸਕਦੀ ਕਦੇ ਦਿਵਾਲੀ ਨਹੀਂ।
ਜਿਹਦਾ ਨਾ ਹੋਵੇ,



ਕੋਈ ਮਰਿਆ,
ਕੋਈ ਐਸੀ ਕਰਮਾਂ ਵਾਲੀ ਨਹੀਂ।

ਸ਼ੇਰਾਂ ਵਰਗੇ ਪੁੱਤ,
ਜਿਹਨਾਂ ਦੇ ਤੁਰ ਗਏ,
ਕਿੰਜ ਉਹ ਦਿਵਾਲੀ ਮਨੌਣ ਗੀਆਂ ਮਾਵਾਂ।
'ਭੱਜੀ' ਚਾਰੇ ਪਾਸੇ,
ਮੈਨੂੰ ਸੁਣਨ ਹਟਕੋਰੇ,
ਮੈਂ ਕਿੰਜ ਗੀਤ ਖੁਸ਼ੀ ਦੇ ਗਾਵਾਂ।

# ਖੈਰ

ਰੱਬਾ ਮੇਰਿਆ ਅੱਜ ਤੇਰੇ ਕੋਲੋਂ
ਮੈਂ ਖੈਰ ਮੰਗਦਾ ਹਾਂ ਢਾਈ ਦਰਿਆਵਾਂ ਦੀ।
ਜਿਥੇ ਹਾਲੇ ਖੂਨ ਹੈ ਡੁਲ੍ਹਾ
ਮੈਂ ਖੈਰ ਮੰਗਦਾ ਹਾਂ ਉਹਨਾਂ ਥਾਵਾਂ ਦੀ।
ਮੇਰੇ ਵਤਨ ਜੋ ਵਗ ਰਹੀਆਂ
ਮੈਂ ਖੈਰ ਮੰਗਦਾ ਹਾਂ ਉਹਨਾਂ ਹਵਾਵਾਂ ਦੀ।
ਜੋ ਹਾਲੇ ਤਕ ਪਏ ਅਧੂਰੇ
ਮੈਂ ਖੈਰ ਮੰਗਦਾ ਹਾਂ ਉਹਨਾਂ ਚਾਵਾਂ ਦੀ।

ਜੋ ਤੂੰ ਹਾਲੇ ਕੱਲ੍ਹ ਸੀ ਬਖ਼ਸ਼ੇ
ਮੈਂ ਖੈਰ ਮੰਗਦਾ ਹਾਂ ਉਹਨਾਂ ਸਾਹਵਾਂ ਦੀ।
ਜਿਹਨਾਂ ਦੇ ਹਾਲੇ ਬਾਲ ਨਿਆਣੇ
ਮੈਂ ਖੈਰ ਮੰਗਦਾ ਹਾਂ ਉਹਨਾਂ ਮਾਵਾਂ ਦੀ।
ਕੱਲ੍ਹ ਸ਼ਹਿਰ ਗਏ ਜੋ ਮੁੜ ਆਏ
ਮੈਂ ਖੈਰ ਮੰਗਦਾ ਹਾਂ ਉਹਨਾਂ ਭਰਾਵਾਂ ਦੀ।

ਜਿਹਨਾਂ ਦੇ ਸਿਰ ਤੇ ਮਾਪੇ ਹੈ ਨਹੀਂ
ਮੈਂ ਖੈਰ ਮੰਗਦਾ ਹਾਂ ਉਹਨਾਂ ਨਿਆਣਿਆਂ ਦੀ।
ਜਿਹਨਾਂ ਦੇ ਹਾਲੇ ਖਾਵੰਦ ਜਿਉਂਦੇ
ਮੈਂ ਖੈਰ ਮੰਗਦਾ ਹਾਂ ਉਹਨਾਂ ਸਵਾਣੀਆਂ ਦੀ।
ਜੋ ਹਾਲੇ ਨੇ ਜੇਲ੍ਹੀਂ ਬੈਠੇ
ਮੈਂ ਖੈਰ ਮੰਗਦਾ ਹਾਂ ਉਹਨਾਂ ਹਾਣੀਆਂ ਦੀ।
ਸਦੀਆਂ ਤੋਂ ਜਿਸ ਤੇ ਹੱਕ ਸੀ ਮੇਰਾ
ਮੈਂ ਖੈਰ ਮੰਗਦਾ ਹਾਂ ਉਹਨਾਂ ਪਾਣੀਆਂ ਦੀ।



ਜਿਹਨਾਂ ਦਰਖ਼ਤਾਂ ਤੇ ਬੈਠੇ ਆਜ਼ਾਦ ਪੰਛੀ
ਮੈਂ ਖੈਰ ਮੰਗਦਾ ਹਾਂ ਉਹਨਾਂ ਟਾਹਣੀਆਂ ਦੀ।
ਕੁੰਢੀ ਤੇ ਬੂਰੀ ਜੋ ਹਾਲੇ ਕਿਲੇ ਬੱਧੀਆਂ
ਮੈਂ ਖੈਰ ਮੰਗਦਾ ਹਾਂ ਦੁੱਧ ਮਧਾਣੀਆਂ ਦੀ।
ਜੋ ਕਿਤੇ ਕਿਤੇ ਚੁੰਗੀਆਂ ਭਰਦੇ
ਮੈਂ ਖੈਰ ਮੰਗਦਾ ਹਾਂ ਮਿਰਗਾਂ ਦੀਆਂ ਢਾਣੀਆਂ ਦੀ।

ਜਿਹਨਾਂ ਤੇ ਹਾਲੇ ਕੱਲ੍ਹ ਹੀ ਬਹਾਰ ਆਈ
ਮੈਂ ਖੈਰ ਮੰਗਦਾ ਹਾਂ ਉਹਨਾਂ ਜੁਆਨੀਆਂ ਦੀ।
ਕਦੇ ਕਦੇ ਜੋ ਸੁਨਣ ਵਿਚ ਆਵਣ
ਮੈਂ ਖੈਰ ਮੰਗਦਾ ਹਾਂ ਉਹਨਾਂ ਸੋਹਣੀਆਂ ਕਹਾਣੀਆਂ ਦੀ।
ਜਿਉਂਦੇ ਰਹਿਣ ਰਾਜਿਆਂ ਵਰਗੇ ਪੁਤ ਤੇਰੇ
ਮੈਂ ਖੈਰ ਮੰਗਦਾ ਹਾਂ 'ਜਿੰਦਾਂ' ਰਾਣੀਆਂ ਦੀ।

ਜਿਹਨਾਂ ਦੀ ਹਾਲੇ ਪੱਤ ਹੈ ਬਚੀ
ਮੈਂ ਖੈਰ ਮੰਗਦਾ ਹਾਂ ਉਹਨਾਂ ਭੈਣਾਂ ਦੀ।
ਜਿਹਨਾਂ ਵਿਚੋਂ ਹਾਲੇ ਕਜਲਾ ਨਾ ਰੁੜਿਆ
ਮੈਂ ਖੈਰ ਮੰਗਦਾ ਹਾਂ ਉਹਨਾਂ ਨੈਣਾਂ ਦੀ।

ਜਿਹਨਾਂ ਤੇ ਹਾਲੇ ਸੱਜਰੀ ਮਹਿੰਦੀ
ਮੈਂ ਖੈਰ ਮੰਗਦਾ ਹਾਂ ਉਹਨਾਂ ਹੱਥਾਂ ਦੀ।
ਸਾਲੂ ਲੈ ਜਿਸ ਵਿਚ ਕੋਈ ਬੈਠੀ
ਮੈਂ ਖੈਰ ਮੰਗਦਾ ਹਾਂ ਉਹਨਾਂ ਰੱਥਾਂ ਦੀ।

ਜਿਉਂਦੀ ਰਹੇ ਭੱਤਾ ਢੋਣ ਵਾਲੀ
ਮੈਂ ਖੈਰ ਮੰਗਦਾ ਹਾਂ ਉਹਨਾਂ ਦੇ ਹਾਲੀਆਂ ਦੀ।
ਜਿਉਂਦੇ ਰਹਿਣ ਬੱਗੇ ਤੇ ਲਾਖੇ
ਮੈਂ ਖੈਰ ਮੰਗਦਾ ਹਾਂ ਉਹਨਾਂ ਦੀਆਂ ਪੰਜਾਲੀਆਂ ਦੀ।

ਝੂਮਦੇ ਰਹਿਣ ਕਣਕਾਂ ਦੇ ਖੇਤ ਉਥੇ
ਮੈਂ ਖੈਰ ਮੰਗਦਾ ਹਾਂ ਹੱਸਦੀਆਂ ਕਪਾਹਾਂ ਦੀ।
ਭਲਾ ਹੋਇਆ ਜੇ ਸੁੱਖ ਦੀ ਰਾਤ ਗੁਜਰੀ
ਮੈਂ ਖੈਰ ਮੰਗਦਾ ਹਾਂ ਤੈਥੋਂ ਅਗਾਹਾਂ ਦੀ।

ਜਿਹਨਾਂ ਨੂੰ ਹੈ ਮਾਣ ਤੇਰੇ ਤੇ
ਮੈਂ ਖੈਰ ਮੰਗਦਾ ਹਾਂ ਉਹਨਾਂ ਨਿਮਾਣਿਆਂ ਦੀ।
ਜਿਹਨਾਂ ਦਾ ਤਾਂ ਤਾਣ ਭੀ ਤੂੰਹੀਉਂ
ਮੈਂ ਖੈਰ ਮੰਗਦਾ ਹਾਂ ਉਹਨਾਂ ਨਿਤਾਣਿਆਂ ਦੀ।

ਜਿਥੋਂ ਨੇ ਇਹ ਦਰਿਆ ਤੁਰਦੇ
ਮੈਂ ਖੈਰ ਮੰਗਦਾ ਹਾਂ ਉਹਨਾਂ ਕੰਧਰਾਂ ਦੀ।
ਜੋ ਹਾਲੇ ਬਚ ਗਏ ਜਰਵਾਣਿਆਂ ਤੋਂ
ਮੈਂ ਖੈਰ ਮੰਗਦਾ ਹਾਂ ਉਹਨਾਂ ਮੰਦਰਾਂ ਦੀ।

ਜੋ ਤੁਸਾਂ ਨੇ ਸਾਨੂੰ ਖੁਦ ਬਖਸ਼ੀ
ਮੈਂ ਖੈਰ ਮੰਗਦਾ ਹਾਂ ਉਹਨਾਂ ਸਰਦਾਰੀਆਂ ਦੀ।
ਝੰਡੇ ਬੁੰਗੇ ਜੁਗੋ ਜੁਗ ਰਹਿਣ ਅਟੱਲ
ਮੈਂ ਖੈਰ ਮੰਗਦਾ ਹਾਂ ਤੇਰੇ ਗੁਰਦੁਆਰਿਆਂ ਦੀ।

ਲਗੇ ਰਹਿਣ ਅੰਬੀ ਦੇ ਬੂਟੇ ਉਥੇ
ਮੈਂ ਖੈਰ ਮੰਗਦਾ ਹਾਂ ਭੱਠੀ ਵਾਲੀਆਂ ਦੀ।
ਜਿਉਂਦੇ ਰਹਿਣ ਵਾਰਿਸ ਨੂੰ ਗਾਉਣ ਵਾਲੇ
ਮੈਂ ਖੈਰ ਮੰਗਦਾ ਹਾਂ ਹੀਰ ਸਿਆਲਿਆਂ ਦੀ।

ਜੇਹਲਮ ਰਾਵੀ ਤੇ ਚਨਾਬ ਭੀ ਰਹਿਣ ਵਗਦੇ
ਮੈਂ ਖੈਰ ਮੰਗਦਾ ਹਾਂ ਤਖ਼ਤ ਹਜ਼ਾਰਿਆਂ ਦੀ।
ਉਹ ਰੱਬਾ ਵੱਸਦਾ ਰਹੇ ਪੰਜਾਬ ਭੱਜੀਂ ਦਾ
ਮੈਂ ਖੈਰ ਮੰਗਦਾ ਹਾਂ ਪੰਜਾਬੀਆਂ ਸਾਰਿਆਂ ਦੀ।

# ਨਵੀਂ ਸਵੇਰ

ਅੱਜ ਕਲ੍ਹ ਪੰਜਾਬ ਵਿਚ
ਰਾਤਾਂ ਨੂੰ ਸਿਸਕਦੀ ਹਵਾ
ਹੌਲੀ ਹੌਲੀ ਪਬ ਟਿਕੌਂਦੀ ਹੈ।
'ਲੁਕਕੇ ਅਪਣੀ ਜਾਨ ਬਚਾ ਲੋ' ਕਹਿ
ਉਹ ਸੁੱਤੇ ਲੋਕ ਜਗੌਂਦੀ ਹੈ।

ਹਟਕੋਰੇ ਲੈਂਦੀ ਹੋਈ ਰਾਤ
ਬੜੀ ਔਖੀ ਹੋ ਕੇ
ਆਪਣਾ ਪੰਧ ਮੁਕੌਂਦੀ ਹੈ।
ਤੇ ਇਸ ਤਰ੍ਹਾਂ ਹੁਣ ਉਥੇ
ਰੋਜ਼ ਸਵੇਰ ਔਂਦੀ ਹੈ।

ਸਹਿਮੀ ਹੋਈ ਰਾਤ
ਚੜ੍ਹਦੇ ਸੂਰਜ ਦੇ ਗਲ
ਲਗ ਰੋਂਦੀ ਹੈ।
ਹੌਲੀ ਹੌਲੀ ਰਾਤ
ਸੂਰਜ ਨੂੰ ਆਪ ਬੀਤੀ ਸੁਣੌਂਦੀ ਹੈ।

ਉਹਦੀ ਬੁਕਲ ਵਿਚ
ਜੋ ਰਾਤ ਨੂੰ ਮਾਰੇ ਗਏ
ਉਹਨਾਂ ਦੇ ਨਾਮ ਲੈ ਕੀਰਨੇ ਪੌਂਦੀ ਹੈ।

ਹਟਕੋਰੇ ਭਰਦੀ ਰਾਤ
ਆਖਰ ਗਸ਼ ਖਾ ਜਾਂਦੀ ਹੈ।

ਚੜ੍ਹਦੇ ਸੂਰਜ ਦੇ ਚੇਹਰੇ 'ਤੇ
ਲਾਲੀ ਦੀ ਥਾਂ ਪਲੱਤਨ ਛਾ ਜਾਂਦੀ ਹੈ।

ਸੂਰਜ ਰਾਤ ਨੂੰ ਧਰਵਾਸ ਦਿਲੌਂਦਾ
ਕਾਹਲੀ ਕਾਹਲੀ
ਅਸਮਾਨ ਵਲ ਨੂੰ ਕਦਮ ਧਰਦਾ ਹੈ।
ਜਾਣ ਲਗੀ ਰਾਤ ਨਾਲ
ਉਹ ਕੁਛ ਕਰਨ ਦਾ
ਵਾਇਦਾ ਕਰਦਾ ਹੈ।

ਅੰਬਰ ਤੇ ਚੜ੍ਹ
ਉਹ ਮੋਇਆਂ ਦੀਆਂ
ਲਾਸ਼ਾਂ ਗਿਣਦਾ ਹੈ।
ਉਹਨਾਂ ਦੇ ਆਲੇ ਦੁਆਲੇ
ਉਹ ਆਪਣੀਆਂ
ਕਿਰਨਾਂ ਚਿਣਦਾ ਹੈ।

ਚੰਗੀ ਤਰ੍ਹਾਂ ਨਿਗਾਹ ਮਾਰ
ਉਹ ਖ਼ੂਨੀ ਦਾ ਖੁਰਾ ਫੜਦਾ ਹੈ।
ਉਸਦੇ ਪਿਛੇ ਪਿਛੇ ਤੁਰਦਾ
ਉਹ ਹਰ ਰੋਜ਼ ਦੀ ਤਰ੍ਹਾਂ
ਕਿਸੇ ਪੁਲੀਸ ਚੌਕੀ ਜਾ ਵੜਦਾ ਹੈ।
ਉਸਦੀ ਪੁਛਗਿਛ ਕਰਨ 'ਤੇ
'ਠਾਣੇਦਾਰ' ਫਿਰ ਕੋਈ
ਮੁਕਾਬਲੇ ਦੀ ਕਹਾਣੀ ਘੜਦਾ ਹੈ।
'ਇਹ ਸਭ ਝੂਠ ਹੈ' ਕਹਿ
ਸੂਰਜ ਆਪਣੇ ਹੀ ਗੁੱਸੇ 'ਚ ਸੜਦਾ ਹੈ।

ਪੰਜਾਬ ਦੇ ਅਖਬਾਰ
ਠਾਣੇਦਾਰ ਦੇ ਬਿਆਨ ਲੈ
ਫਿਰ ਆਪਣੇ ਸਫੇ ਕਾਲੇ ਕਰਦੇ ਨੇ।
ਪੰਜਾਬ ਦੇ ਝਰਨੇ
ਬੇਬਸ ਹੋ



ਆਪਣੀਆਂ ਪਲਕਾਂ ਚੋਂ
ਹੰਝੂ ਕੇਰਦੇ ਨੇ।
ਤੇ ਆਪਣੇ ਹੰਝੂਆਂ ਨਾਲ
ਉਹ ਪੰਜਾਬ ਦੇ ਦਰਿਆ ਭਰਦੇ ਨੇ।

ਵਗਦੇ ਹੋਏ ਦਰਿਆ ਪਬ ਚੁਕ ਚੁਕ
ਕੰਢਿਆਂ 'ਤੇ ਪਈਆਂ
ਲਾਸ਼ਾਂ ਤਕਦੇ ਨੇ।
ਕਾਵਾਂ ਤੇ ਕੁਤਿਆਂ ਤੋਂ ਬਚੌਣ ਲਈ
ਉਹ ਆਪਣੇ ਵਿਚ ਸਮੋਣਾ ਚਾਹੁੰਦੇ ਨੇ,
ਪਰ ਸਰਕਾਰੀ ਡਰ ਤੋਂ ਝਕਦੇ ਨੇ।

ਸਰਕੜਿਆਂ ਦੇ ਪਤਿਆਂ ਤੋਂ
ਤਰੇਲ ਦੇ ਤੁਪਕੇ
ਹੰਝੂ ਬਣ ਬਣ ਚੋਂਦੇ ਨੇ।
ਖਿੜੇ ਹੋਏ ਜੰਗਲੀ ਫੁਲ
ਇਹ ਦੇਖ ਮਰਝੌਂਦੇ ਨੇ।
ਗੋਲੀਆਂ ਦੇ ਧਮਾਕੇ ਨਾਲ
ਦਹਿਲੇ ਹੋਏ ਪੰਛੀ ਵੀ
ਆਲਣਿਆਂ ਵਿਚ ਬੈਠੇ ਚੁਪਚਾਪ ਰੋਂਦੇ ਨੇ।

ਪਰ ਅਖਬਾਰ ਵਿਚ
ਆਪਣੇ ਕਾਰਨਾਮੇ ਪੜ੍ਹ
ਜ਼ਾਲਮ ਮਸਕੌਂਦੇ ਨੇ।

ਦਿਨ ਚੜ੍ਹਦੇ ਸਾਰ ਹੀ
ਪਿੰਡ ਦੇ ਲੋਕੀਂ
ਆਪਣੇ ਬੂਹੇ ਖੋਲਦੇ ਨੇ।

ਕਿਸੇ ਘਰ ਚੋਂ
ਰੋਣ ਦੀ ਆਵਾਜ਼ ਸੁਣ
ਉਥੇ ਇਕੱਠੇ ਹੋ ਹੌਲੀ ਹੌਲੀ ਬੋਲਦੇ ਨੇ।
ਫੇਰ ਲਾਗਲੀ ਨਹਿਰ

ਜਾਂ ਦਰਿਆ ਦੇ ਕੰਢੇ ਜਾ
ਰਾਤ ਨੂੰ ਪਿੰਡ ਚੋਂ ਗੁਆਚੇ
ਮੁੰਡਿਆਂ ਨੂੰ ਟੋਲਦੇ ਨੇ।

ਇਕ ਹੋਰ ਨਵ ਵਿਆਹੀ ਦਾ
ਸੁਹਾਗ ਲੁੱਟ ਜਾਂਦਾ ਹੈ।
ਕਿਸੇ ਬੁਢੜੇ ਮਾਂ ਪਿਉ ਦਾ
ਜਿਉਣ ਦਾ ਸਹਾਰਾ ਟੁੱਟ ਜਾਂਦਾ ਹੈ।

ਉਸ ਰਾਤ
ਘਰ ਦੇ ਲੋਗ ਜਾਗਦੇ ਨੇ
ਪਰ ਦੀਵਾ ਨਹੀਂ ਜਗਦਾ।
ਕੋਈ ਰੋਟੀ ਨਹੀਂ ਖਾਂਦਾ
ਚੁਲ੍ਹਾ ਭੀ ਨਹੀਂ ਮਘਦਾ।

ਕਿਸੇ ਬੇਬਸ ਦੇ
ਨੈਣਾਂ ਦਾ ਪਾਣੀ
ਤਰੇਲ ਦੇ ਤੁਪਕਿਆਂ ਵਾਂਗ
ਹੋਲੀ ਹੋਲੀ ਦਿਨ ਢਲਦੇ ਤਕ
ਸੁੱਕ ਜਾਂਦਾ ਹੈ।
ਲਹੂ ਦੇ ਹੰਝੂ ਕੇਰਦਾ
ਬੇਬਸ ਸੂਰਜ
ਸ਼ਰਮ ਦਾ ਮਾਰਿਆ
ਪਹਾੜੀ ਪਿਛੇ ਲੁਕ ਜਾਂਦਾ ਹੈ।

ਪੰਜਾਬ ਨੂੰ
ਮੌਤ ਦੇ ਹਵਾਲੇ ਕਰ
ਇੰਜ ਫੇਰ ਸੱਚ
ਝੂਠ ਅਗੇ ਝੁੱਕ ਜਾਂਦਾ ਹੈ।
ਫੇਰ ਉਂਜ ਹੀ ਰਾਤ
ਰੋਜ਼ ਦੀ ਤਰ੍ਹਾਂ ਔਂਦੀ ਹੈ।
ਹਟਕੋਰੇ ਭਰਦੀ ਹੈ
ਕੀਰਨੇ ਪੌਂਦੀ ਹੈ।



ਹਰ ਸਵੇਰ
ਸੂਰਜ ਦੇ ਗਲ ਲਗ ਰੋਂਦੀ ਹੈ।

ਲਗਦਾ ਹੈ ਹੁਣ
ਪੰਜਾਬ ਵਿਚ
ਹਰ ਸਵੇਰ ਇੰਜ ਹੀ ਆਵੇਗੀ।
ਐ ਵਤਨ ਦੇ ਲੋਕੋ
ਕੁਛ ਕਰੋ
ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ।

ਸਾਰੀ ਦੁਨੀਆਂ ਨੂੰ
ਇਸ ਨਵੇਂ ਸਾਲ ਦੀ
ਸੱਜਰੀ ਸਵੇਰ ਮੁਬਾਰਕ।
ਪਰ ਮੇਰੇ ਲਈ ਤਾਂ
ਉਸ ਦਿਨ ਨਵੀਂ ਸਵੇਰ ਆਵੇਗੀ।
'ਭੱਜੀ' ਜਿਸ ਦਿਨ
ਮੇਰੇ ਪੰਜਾਬ ਵਿਚ
ਤੁਰਨ ਲਗੀ ਰਾਤ
ਤੱਕ ਚੜ੍ਹਦਾ ਸੂਰਜ ਮੁਸਕਾਵੇਗਾ।

ਕੀਰਨਿਆਂ ਦੀ ਥਾਂ ਤੇ
ਸੂਰਜ ਦੇ ਕੰਨੀਂ ਉਹ
ਰਾਤ ਦੇ ਹਨੇਰੇ ਵਿਚ ਸੁਣੀਆਂ
ਨਿਕੀਆਂ ਨਿਕੀਆਂ
ਪਿਆਰ ਦੀਆਂ ਗੱਲਾਂ ਪਾਏਗੀ।

# ਨਸ਼ਾ

**1**
ਇਸ ਦੁਨੀਆਂ ਵਿਚ
ਸਭ ਨਸ਼ਈ ਨੇ,
ਲੋਕੀਂ ਵੱਖੋ ਵੱਖਰੇ,
ਨਸ਼ੇ ਨੇ ਕਰਦੇ।
ਕੋਈ ਖਾਵੇ,
ਅਫੀਮ ਦੀ ਗੋਲੀ,
ਕੋਈ ਗਿਲਾਸ,
ਸ਼ਰਾਬ ਨਾਲ ਭਰਦੇ।

ਕੋਈ ਬੀੜੀ,
ਚਿਲਮ ਹੈ ਪੀਂਦਾ,
ਕੋਈ ਪੀਵੀ ਜਾਂਦਾ ਹੁੱਕਾ।
ਕਿਸੇ ਨੇ ਭੰਗ,
ਰਗੜ ਕੇ ਪੀਤੀ,
ਕਿਸੇ ਨੇ ਖਾਧਾ ਜ਼ਰਦਾ ਸੁੱਕਾ।

ਚਾਹ ਤੋਂ ਬਿਨਾਂ,
ਕੋਈ ਰਹਿ ਨਾ ਸਕਦਾ,
ਕੋਈ ਛਕੀਂ ਜਾਂਦਾ ਹੈ ਕਾਫੀ।
ਨਸ਼ੇ ਦੇ ਵਿਚ,
ਲੋਕ ਕਰ ਕੇ ਗਲਤੀ,
ਹੋਸ਼ ਆਉਣ 'ਤੇ ਮੰਗਣ ਮਾਫੀ।



**2**
ਨਸ਼ਾ ਸੁਨਿਆਰ ਨੂੰ,
ਸੋਨੇ ਦਾ ਹੁੰਦਾ,
ਮੁਟਿਆਰ ਨੂੰ ਨਸ਼ਾ,
ਹੁਸਨ ਦਾ ਚੜ੍ਹਿਆ।
ਗੱਭਰੂ ਨੂੰ ਨਸ਼ਾ,
ਜਵਾਨੀ ਦਾ ਹੁੰਦਾ,
ਜੇ ਹੱਥ ਉਹਦਾ ਹੋਵੇ,
ਕਿਸੇ ਸੋਹਣੀ ਨੇ ਫੜਿਆ।

ਨਸ਼ਾ ਕਿਸੇ ਨੂੰ,
ਮਹਿਲਾਂ ਮਾੜੀਆਂ ਦਾ,
ਤੇ ਉਹਦੇ ਵਿਹੜੇ ਜੋ ਘੋੜੇ ਹਾਥੀ।
ਨਸ਼ਾ ਕਿਸੇ ਨੂੰ,
ਦੇਖਕੇ ਚੜ੍ਹਦਾ,
ਆਸੇ ਪਾਸੇ ਬੈਠੇ ਸਾਥੀ।

ਜੱਟ ਨੂੰ ਨਸ਼ਾ,
ਜ਼ਮੀਨ ਦਾ ਹੁੰਦਾ,
ਦੇਖਕੇ ਉੱਗੀਆਂ ਉੱਚੀਆਂ ਫਸਲਾਂ।
ਜਾਂ
ਫੇਰ ਆਪਣੇ ਦੇਖ ਕੇ ਢੱਗੇ,
ਚੰਗੀਆਂ ਹੋਣ ਜੇ,
ਉਹਨਾਂ ਦੀਆਂ ਨਸਲਾਂ।

**3**
ਕਿਸੇ ਅਮੀਰ ਨੂੰ,
ਮਾਣ ਪੈਸੇ ਦਾ,
ਬੰਦੇ ਨੂੰ ਨਾ ਸਮਝੇ ਬੰਦਾ।
ਢੇਰ ਨੋਟਾਂ ਦਾ,
ਲਾਈ ਜਾਂਦਾ,
ਕਰ ਕਰਕੇ,
ਉਹ ਕਾਲਾ ਧੰਦਾ।

ਨਸ਼ਾ ਪੰਡਿਤ ਨੂੰ,
ਗਿਆਨ ਦਾ ਹੁੰਦਾ,
ਕਹਿੰਦਾ ਪੜ੍ਹੇ ਮੈਂ ਚਾਰੇ ਵੇਦ।
ਪਰ ਐਨਾ ਕੁਛ,
ਪੜ੍ਹਨ ਦੇ ਪਿਛੋਂ ਭੀ,
ਜਾਣ ਨਾ ਸਕਿਆ,
ਉਹ ਰੱਬ ਦਾ ਭੇਦ।

ਨਸ਼ਾ ਸ਼ਾਇਰ ਨੂੰ,
ਗਾਉਣ ਦਾ ਹੁੰਦਾ,
ਕਹਿੰਦਾ ਮੇਰੇ ਵਰਗਾ,
ਕੋਈ ਗਾ ਨਹੀਂ ਸਕਦਾ।
ਜਿਸ ਉਚਾਈ 'ਤੇ,
ਮੈਂ ਪਹੁੰਚਿਆ,
ਇਥੇ ਹੋਰ ਕੋਈ ਆ ਨਹੀਂ ਸਕਦਾ।

ਨਸ਼ਾ ਪੁਲੀਸ ਨੂੰ,
ਵਰਦੀ ਦਾ ਹੁੰਦਾ,
ਤੇ ਜੇ ਮੋਢੇ 'ਤੇ ਲੱਗੀ ਫੀਤੀ।
ਆਗੂਆਂ ਨੂੰ ਨਸ਼ਾ,
ਕੁਰਸੀ ਦਾ ਹੁੰਦਾ,
ਬਦਲਦੇ ਰਹਿੰਦੇ ਉਹੋ ਨੀਤੀ।

**4**

ਨਸ਼ਾ ਮੋਰ ਨੂੰ,
ਆਪਣੇ ਰੰਗਾਂ ਦਾ,
ਕੋਇਲ ਨੂੰ ਹੁੰਦਾ,
ਕੰਠ 'ਤੇ ਮਾਣ।
ਨਸ਼ਾ ਬਾਜ਼ ਨੂੰ,
ਆਪਣੀ ਫੁਰਤੀ ਤੇ,
ਬਹਿੰਦਾ ਉੱਚਾ,
ਹਿੱਕ ਨੂੰ ਤਾਣ।



ਨਸ਼ਿਆਂ ਦੀ,
ਇਸ ਦੁਨੀਆ ਅੰਦਰ,
ਰਿਹਾ ਮੈਨੂੰ ਭੀ ਕਾਫ਼ੀ ਨਸ਼ਾ।
ਭੁਲ ਗਈ ਸੀ,
ਸੁੱਧ ਬੁੱਧ ਆਪਣੀ,
ਹੋ ਗਈ ਸੀ ਕੁੱਛ ਐਸੀ ਦਸ਼ਾ।

ਗੁਰੂ ਮੇਰੇ ਨੇ,
ਇਕ ਗੱਲ ਦੱਸੀ,
ਇਸ ਦੁਨੀਆ ਦੇ,
ਸਭ ਨਸ਼ੇ ਨੇ ਝੂਠੇ।
ਇਹਨਾਂ 'ਚੋ ਕੋਈ,
ਸਦਾ ਨਾਲ ਨਾ ਨਿਭਦਾ,
ਰਹਿ ਜਾਂਦੇ ਇਥੇ,
ਇਹ ਸ਼ਰਾਬ ਦੇ ਠੂਠੇ।

ਸੁਣ ਕੇ ਗੱਲ,
ਗੁਰੂ ਦੀ ਇਹੋ,
ਆਉਣ ਲਗਾ ਜਦੋਂ ਮੈਨੂੰ ਹੋਸ਼।
'ਭੱਜੀ' ਕਹਿੰਦੇ,
ਹੋ ਗਿਆ ਹੈ ਕਮਲਾ,
ਨਸ਼ਈ ਲੋਕਾਂ ਨੇ,
ਇਹ ਲਾਇਆ ਦੋਸ਼।

# ਸ਼ਰਾਬੀ

ਉਨ੍ਹਾਂ ਮਾਵਾਂ, ਭੈਣਾਂ, ਧੀਆਂ ਤੇ ਔਰਤਾਂ ਦੇ ਨਾਂ ਜੋ ਸ਼ਰਾਬੀਆਂ
ਦੇ ਬਣਾਏ ਨਰਕ ਵਿਚ ਜ਼ਿੰਦਗੀ ਭੋਗ ਰਹੀਆਂ ਹਨ।

**1**
ਸ਼ਰਾਬ
ਲਫਜ਼ ਦਾ ਇਕ ਹੈ ਮਤਲਬ
ਕੋਈ ਸ਼ੈ ਪੀਣੇ ਜੋਗ।

ਸ਼ਾਇਦ ਇਸੇ ਕਰਕੇ ਹੀ
ਕਈਆਂ ਸਦੀਆਂ ਤੋਂ
ਇਹਨੂੰ ਪੀ ਰਹੇ ਨੇ ਲੋਗ।

ਸ਼ਰਾਬ
ਲਫਜ਼ ਦਾ ਦੂਸਰਾ ਮਤਲਬ
ਸ਼ਰਾਰਤ ਭਰਿਆ ਪਾਣੀ।

ਮੈਂ ਵੀ
ਇਹ ਪੀ ਕੇ ਹੈ ਦੇਖੀ
ਪੀਈ ਜਾਂਦੇ ਮੇਰੇ ਹਾਣੀ।

ਬੰਦੇ ਦੇ
ਇਤਿਹਾਸ ਵਾਂਗਰਾਂ
ਇਹਦੀ ਕਹਾਣੀ ਲੰਮੀ।



ਜੰਮਿਆ ਸੀ
ਜਦੋਂ ਬੰਦਾ ਜੱਗ ਤੇ
ਇਹ ਨਾਲ ਸੀ ਉਹਦੇ ਜੰਮੀ।

**2**
ਵੇਦ ਪੁਰਾਣਾਂ ਵਿਚ
ਜ਼ਿਕਰ ਹੈ ਇਹਦਾ
ਹੁੰਦਾ ਵਿਚ ਮੇਰੇ ਵਤਨ।
ਕਹਿੰਦੇ
ਸਮੁੰਦਰ 'ਚੋਂ
ਜੇਹੜੇ ਸੀ ਕੱਢੇ
ਉਨ੍ਹਾਂ 'ਚੋਂ ਇਕ ਰਤਨ।

ਸਮੁੰਦਰ ਵਿਚੋਂ
ਨਿਕਲੀ ਕਰਕੇ
ਇਸ ਸ਼ਰਾਬ ਨੂੰ ਸੁਰਾ ਹੈ ਕਹਿੰਦੇ।

ਸਮਝਣ ਸ਼ਰਾਬੀ
ਭਾਵੇਂ ਇਹਨੂੰ ਚੰਗਾ
ਲੋਕੀਂ ਇਹਨੂੰ ਬੁਰਾ ਹੈ ਕਹਿੰਦੇ।

ਪੀਤੀ ਸੀ
ਇਹ ਦੇਵਤਿਆਂ ਨੇ ਵੀ
ਇਸ ਕਾਰਣ ਕਹਿੰਦੇ ਉਨ੍ਹਾਂ ਨੂੰ ਸੁਰ।

ਗੁਰੂ ਪੀਰ
ਇਹ ਸਭ ਦਾ ਬਣਦੀ
ਨਹੀਂ ਇਹਦਾ ਕੋਈ ਗੁਰ।

**3**
ਬਾਲਮਿਕੀ ਨੇ
ਇਹੋ ਲਿਖਿਆ

ਜਦੋਂ ਰਾਮ ਗਿਆ ਬਨਵਾਸ।
ਇਕ ਦਿਨ
ਉਹ ਮੁੜ ਘਰ ਆਏਗਾ
ਸੀਤਾ ਨੂੰ ਸੀ ਆਸ।
ਸੀਤਾ ਜੀ ਨੇ
ਅਰਦਾਸ ਸੀ ਕੀਤੀ
ਖੜੀ ਹੋ ਗੰਗਾ ਕਿਨਾਰੇ।
ਐ ਮਾਤਾ
ਲੱਖ ਗਊਆਂ ਮੈਂ ਦਾਨ ਕਰੂੰਗੀ
ਨਵ੍ਹਾ ਦਿਊਂ ਬਾਮ੍ਹਣ ਸ਼ਰਾਬ ਨਾਲ ਸਾਰੇ।

ਰਿਗਵੇਦ ਵਿਚ
ਇਹਨੂੰ ਕਹਿੰਦੇ
ਨਸ਼ੀਲਾ ਸੋਮ ਰਸ।
ਬੜੇ ਵਿਸਤਾਰ ਦੇ
ਨਾਲ ਹੈ ਲਿਖਿਆ
ਉੱਥੇ ਇਹਦਾ ਜੱਸ।
'ਸੋਮਰਸ' ਕਹਿੰਦੇ
ਮਾੜੇ ਲੋਕਾਂ ਨੂੰ
ਦੇਂਦਾ ਬਹੁਤ ਹੈ ਬਲ।
ਸ਼ਰੀਰ ਦੇ
ਇਹ ਕੋਈ ਰੋਗਾਂ ਨੂੰ
ਦੇਂਦਾ ਦੂਰ ਹੈ ਘੱਲ।

**4**
ਇਹਨੂੰ ਲੋਕ
'ਮਦਿਰਾ' ਵੀ ਕਹਿੰਦੇ
ਪੈਦਾ ਇਸ ਤੋਂ ਹੁੰਦਾ ਮੱਦ।

ਪਹੁੰਚਾ ਦਿੰਦੀ
ਇਹ ਉਸ ਦੁਨੀਆਂ ਵਿਚ
ਨਹੀਂ ਜਿਸ ਦੀ ਕੋਈ ਹੱਦ।



ਇਸਾਈ
ਮਤ ਵਿਚ ਵੀ ਨਹੀਂ
ਸਮਝਦੇ ਇਹਨੂੰ ਖਰਾਬ।

ਕਈ ਜਗਾਹ
ਗਿਰਜਿਆਂ ਦੇ ਵਿਚ ਵੀ
ਉਹੋ ਵੰਡਦੇ ਸ਼ਰਾਬ।

**5**
ਗੁੜ ਪਾ ਕੇ ਘੜੇ ਵਿਚ
ਜਾਂ ਸ਼ਹਿਦ ਤੋਂ ਬਣਦੀ ਸ਼ਰਾਬ
ਜਦ ਪਊ ਉਨ੍ਹਾਂ ਦਾ ਸਾੜਾ।

ਚੌਲ ਖਜੂਰਾਂ
ਭਾਵੇਂ ਅੰਗੂਰ ਨੇ ਉਹੋ
ਅਖੀਰ ਨਤੀਜਾ ਮਾੜਾ।

ਆਖਿਰ ਨੂੰ ਤਾਂ
ਇਹ ਸਿਰ ਹੀ ਘੁਮੌਂਦੀ
ਭਾਵੇਂ ਹੋਵੇ ਕੋਈ ਕਿਸਮ।

ਇਸ ਸ਼ਰਾਬ ਖਾਤਿਰ
ਮੈਂ ਤਕੀਆਂ ਔਰਤਾਂ
ਬੇਚਣ ਆਪਣੇ ਜਿਸਮ।

**6**
ਦੇਵਤਿਆਂ ਤੇ ਰਾਖਸ਼ਾਂ ਰਲ
ਮੇਰੂ ਪਰਬਤ ਦੀ ਬਣਾਈ ਮਧਾਣੀ।
ਸੱਪ ਨੂੰ ਰੱਸਾ ਉਨ੍ਹਾਂ ਬਣਾ ਕੇ
ਕਹਿੰਦੇ ਜਦੋਂ ਰਿੜਕਿਆ ਪਾਣੀ।

ਉਨ੍ਹਾਂ ਵਿਚ
ਇਕ ਰਤਨ ਸੀ ਇਹੋ
ਆਦਮ ਜਾਤ ਨੂੰ ਖਾਣੀ।

ਅੰਮ੍ਰਿਤ ਦਾ ਕੁੰਭ
ਚੁੱਕ ਦੇਵਤੇ ਭੱਜ ਗਏ
ਇਹ ਰਾਕਸ਼ਾਂ ਦੇ ਹੱਥ ਆਈ।
ਇਸ ਕਰਕੇ
ਹੁਣ ਜੋ ਵੀ ਪੀਂਦਾ
ਉਸ ਰਾਕਸ਼ ਬੁੱਧੀ ਪਾਈ।

7
ਪੀਣ ਵਾਲੇ ਨੂੰ
ਇਹ ਕਾਬੂ ਕਰਦੀ
ਉਹ ਗੁਣ ਪਿਆ ਇਹਦੇ ਗਾਵੇ।

ਬੁੱਧੀ ਉਹਦੀ
ਭਰਿਸ਼ਟ ਹੋ ਜਾਂਦੀ,
ਉਹਨੂੰ ਸਮਝ ਨਾ ਆਵੇ।

ਕੋਈ ਸ਼ਰਾਬੀ
ਲਟਕੇ ਸ਼ਰਾਬ ਨਾਲ
ਡਿਗਦਾ ਢਹਿੰਦਾ ਆਵੇ।

ਵਿਚ ਗਲਿਆਂ ਦੇ
ਉੱਚੀ ਸੁਰ ਨਾਲ
ਵਿਚ ਪਿਆ ਉਹ ਗਾਵੇ।
ਇਹ ਰਾਵਣ ਨੇ ਵੀ ਪੀਤੀ ਸੀ
ਚੜ੍ਹ ਲੰਕਾ ਰਾਮ ਨੇ ਜਿੱਤੀ ਸੀ।
ਇਹ ਗੁੜ ਸ਼ੱਕਰ ਠੰਢਾ ਪਾਣੀ ਹੈ
ਜੋ ਖਿਚੀ ਨਾਲੀ ਥਾਣੀ ਹੈ।

ਜਿਸ ਬੰਦੇ ਨੇ ਇਹਨੂੰ ਪੀਤਾ ਨਹੀਂ
ਉਸ ਜ਼ਿੰਦਗੀ ਵਿਚ ਕੁਛ ਕੀਤਾ ਨਹੀਂ।
ਇਹ ਦੂਰ ਹਟੌਂਦੀ ਪਾਲੇ ਨੂੰ
ਲੱਖ ਲਾਹਨਤ ਨਿੰਦਕ ਵਾਲੇ ਨੂੰ।



8
ਸ਼ਰਾਬ ਦੀ ਖਾਤਿਰ
ਲੋਕਾਂ ਲਿਖੇ ਨੇ
ਹੁਣ ਤਾਈਂ ਲੱਖਾਂ ਗਾਣੇ।
ਕਹਿੰਦੇ ਨਿੰਦੋ ਨਾ
ਤੁਸੀਂ ਲੈਕੇ ਇਹਨੂੰ
ਸਿਰਫ਼ ਪੀਣ ਵਾਲਾ ਹੀ ਜਾਣੇ।

ਪੀਂਦਾ ਹੈ
ਜੋ ਇਸਨੂੰ ਰੱਜਕੇ
ਉਹਨੂੰ ਕਹਿਣ ਸ਼ਰਾਬੀ।
ਉਹਦੀ ਤਾਂ ਇਹ
ਜਿੰਦ ਜਾਨ ਹੈ
ਉਹਨੂੰ ਦਿਸਦੀ ਨਹੀਂ ਖਰਾਬੀ।

ਇਸ ਵਿਚ ਤਾਂ
ਕੋਈ ਸ਼ੱਕ ਨਹੀਂ
ਇਸ ਵਿਚ ਕਈ ਨੇ ਗੁਣ।
ਕਈ ਤਰ੍ਹਾਂ ਦੇ
ਜਰਮ ਇਹ ਮਾਰੇ
ਕਹਿੰਦੇ ਦਿਲ ਲਈ ਚੰਗੀ ਹੁਣ।

ਖੰਗ ਵਾਸਤੇ ਭੀ
ਇਹੋ ਚੰਗੀ
ਖੰਊਂ ਖੰਊਂ ਕਰਦਿਆਂ ਨੂੰ ਰੋਕੇ।
ਚੰਗਾ ਭਲਾ ਬੰਦਾ
ਮਹਿਸੂਸ ਹੈ ਕਰਦਾ
ਜਦ ਉੱਠਦਾ ਆਰਾਮ ਨਾਲ ਸੌਂ ਕੇ।

ਦੋ ਚਾਰ ਘੁਟਾਂ
ਜੇ ਬੰਦਾ ਮੂੰਹ ਵਿਚ ਪਾਵੇ
ਤਾਂ ਕਹਿੰਦੇ ਇਹਨੂੰ ਦਾਰੂ।
ਉਸ ਦੇ ਮਗਰੋਂ

ਇਹ ਪੀਣ ਵਾਲੇ ਤੇ
ਹੋ ਜਾਂਦੀ ਹੈ ਭਾਰੂ।

**10**
ਪਹਿਲਾ ਹਾੜਾ
ਜਦ ਅੰਦਰ ਜਾਂਦਾ
ਬੰਦਾ ਉੱਚੀ ਹੱਸੇ।
ਆਪਣੇ ਗੁਣ
ਉਹ ਆਪਣੇ ਮੂੰਹੋਂ
ਬਾਰ ਬਾਰ ਪਿਆ ਦੱਸੇ।

ਖੱਟਿਆ ਕਮਾਇਆ ਨਾ
ਕੁਛ ਜੱਗ ਤੇ
ਆਪਾਂ ਤੇ ਯਾਰਾਂ ਦੇ ਯਾਰ।
ਦਿਲ ਨੂੰ ਜਚ ਗਿਆ
ਤੂੰ ਮੇਰੇ ਬਾਈ
ਭਾਵੇਂ ਮਿਲਿਆ ਅੱਜ ਪਹਿਲੀ ਵਾਰ।

ਦੂਜਾ ਹਾੜਾ
ਜਦ ਅੰਦਰ ਜਾਂਦਾ
ਤਾਂ ਬਦਲ ਜਾਂਦੀ ਹੈ ਤੋਰ
ਪਹਿਲਾਂ ਵਾਲਾ ਨਾ
ਉਹ ਰਹਿੰਦਾ ਬੰਦਾ
ਬਣ ਜਾਂਦਾ ਹੋਰ ਦਾ ਹੋਰ

ਮੇਰੇ ਜਿਹਾ ਨਾ
ਕੋਈ ਜੱਗ ਤੇ
ਉਹ ਮਾਰੇ ਗੱਪ ਤੇ ਗੱਪ।
ਸ਼ਰਾਬ ਪੀ ਕੇ
ਜਦ ਕਾਰ ਚਲਾਵੇ
ਉਹ ਮੇਲ੍ਹਦੀ ਵਾਂਗੂੰ ਸੱਪ।



ਤੀਜਾ ਹਾੜਾ
ਜਦ ਅੰਦਰ ਜਾਂਦਾ
ਉਹ ਉੱਚੀ ਰੌਲਾ ਪਾਵੇ।
ਜੇ ਕੋਈ
ਉਹਨੂੰ ਚੁੱਪ ਕਰਾਵੇ
ਉਹਨੂੰ ਖਾਣ ਨੂੰ ਆਵੇ।

ਕੱਢ ਲਿਔਂਦਾ
ਉਹ ਪੁਰਾਣੀਆਂ ਗੱਲਾਂ
ਗੱਡੇ ਹੋਏ ਮੁਰਦੇ ਪੁੱਟੇ।
ਜਾਂ ਫੇਰ
ਪੈ ਗਲ ਕਿਸੇ ਦੇ
ਬਿਨਾਂ ਕਾਰਨ ਤੋਂ ਕੁੱਟੇ।

ਚੋਥਾ ਹਾੜਾ
ਜਦ ਅੰਦਰ ਜਾਂਦਾ
ਉਹ ਬਣ ਜਾਂਦਾ ਹੈ ਸ਼ੇਰ।
ਉਸ ਤੋਂ ਬਾਅਦ
ਫੇਰ ਛੇਤੀ ਹੀ
ਉਹ ਹੋ ਜਾਂਦਾ ਹੈ ਢੇਰ।

ਕੋਈ ਦੇਖਿਆ ਮੈਂ
ਐਸਾ ਬੰਦਾ
ਜੋ ਸੋਫੀ ਕੁਛ ਨਾ ਬੋਲੇ।
ਕਰ ਦੇਂਦਾ
ਉਹ ਹੈਰਾਨ ਜੱਗ ਨੂੰ
ਜਦ ਪੀਕੇ ਮੂੰਹ ਖੋਲ੍ਹੇ।
ਝੂਮ ਝੂਮਕੇ
ਉਹ ਚਲਦਾ
ਖਾ ਕੇ ਡੱਕੋ ਡੋਲੇ।
ਸਿਰ ਆਪਣੇ ਦੀ
ਪੱਗ ਨੂੰ ਉਹੋ
ਗਲੀਆਂ ਦੇ ਵਿਚ ਰੋਲੇ।

ਮੂੰਹ 'ਚੋਂ ਉਹਦੇ
ਝੱਗ ਇੰਜ ਨਿਕਲੇ
ਜਿਵੇਂ ਬੁਕਦਾ ਹੋਵੇ ਬੋਤਾ।
ਜਾਂ ਫੇਰ
ਉਹ ਇੰਜ ਪਿਆ ਲੇਟੇ
ਜਿਵੇਂ ਮਿੱਟੀ 'ਚ ਲਿਟਦਾ ਖੋਤਾ।

**11**
ਫੇਰ
ਛੋਟੇ ਵੱਡੇ ਦੀ
ਸ਼ਰਮ ਨਾ ਰਹਿੰਦੀ
ਪਿਆ ਵਿਚ ਚੋਰਾਹੇ ਨੰਗਾ।
ਔਂਦੇ ਜਾਂਦੇ
ਦੇਖ ਕੇ ਆਖਣ
ਬੰਦਾ ਹੁੰਦਾ ਸੀ ਇਹ ਚੰਗਾ।
ਡਿੱਗੇ ਹੋਏ ਦਾ
ਮੂੰਹ ਉਹਦਾ ਚੱਟਣ
ਪਿੰਡ ਦੇ ਸਾਰੇ ਕੁੱਤੇ।
ਕੋਈ ਗਰੀਬ
ਤਰਸ ਖਾ ਸਰਦਾਰ ਤੇ
ਪਾ ਜਾਂਦਾ ਜੁੱਲੀ ਉੱਤੇ।

ਸ਼ੁਰੂ ਸ਼ੁਰੂ ਤਾਂ
ਹਰ ਇਕ ਸ਼ਰਾਬੀ
ਪੀਂਦਾ ਦੁਨੀਆ ਤੋਂ ਲੁਕ ਕੇ।
ਦਿਨ ਚੜ੍ਹਦੇ
ਬਾਹਰ ਲੋਕਾਂ ਨੂੰ
ਉਹ ਮਿਲਦਾ ਅਦਬ ਨਾਲ ਝੁਕਕੇ।

ਹੋਲੀ ਹੋਲੀ
ਜਦ ਲੋਕਾਂ ਦਾ
ਦੂਰ ਹੋ ਜਾਂਦਾ ਭਰਮ।



ਉਹ ਫੇਰ
ਸ਼ਰ੍ਹੇਆਮ ਹੈ ਪੀਂਦਾ
ਲ੍ਹਾ ਕੇ ਸਾਰੀ ਸ਼ਰਮ।

ਲੀੜੇ ਉਹਦੇ
ਉਲਟੀਆਂ ਨਾਲ ਲਿਬੜੇ
ਸਿਰ ਵਿਚ ਉਹਦੇ ਖੇਹ।

ਛੇਤੀ ਹੀ ਫਿਰ
ਖੁਰ ਹੈ ਜਾਂਦੀ
ਸੋਨੇ ਵਰਗੀ ਦੇਹ।

ਇਸ ਹਾਲਤ ਵਿਚ
ਲਿਬੜੇ ਤਿਬੜੇ ਨੂੰ
ਕੋਈ ਚੁੱਕ ਕੇ ਘਰ ਲਿਆਵੇ।
ਹੋਸ਼ ਆਈ ਤੇ
ਕਮਲਿਆਂ ਵਾਂਗੂੰ
ਪਾਣੀ ਸਿਰ ਵਿਚ ਪਾਵੇ।

ਹੱਥ ਉਹਦੇ ਪਏ
ਥਰ ਥਰ ਕੰਬਣ
ਨਾ ਉਹ ਰੋਟੀ ਖਾਵੇ।

ਬਸ ਇਕ ਗੱਲ ਦੀ
ਉਡੀਕ ਹੈ ਉਹਨੂੰ
ਸ਼ਰਾਬ ਕਿਸੇ ਤਰ੍ਹਾਂ ਮਿਲ ਜਾਵੇ।

**12**
ਪੁੱਛਣ ਤੇ
ਆਖੇ ਭੁੱਲ ਹੋ ਗਈ
ਸ਼ਰਾਬ ਇਹ ਬੜੀ ਕਮੀਣੀ।
ਤੇਰੀ ਸੌਂਹ
ਮੈਨੂੰ ਸਰਦਾਰਨੀ ਏਂ
ਅੱਜ ਤੋਂ ਨਹੀਂ ਮੈਂ ਪੀਣੀ।

ਦੁਪਹਿਰ ਢਲਣ ਤੇ
ਛੇਤੀ ਮਗਰੋਂ ਹੀ
ਜਦ ਫੇਰ ਹੈ ਪੈਂਦੀ ਸ਼ਾਮ।
ਫੇਰ
ਇਕ ਹੱਥ ਵਿਚ ਉਹਦੇ ਬੋਤਲ
ਦੂਜੇ ਹੱਥ ਵਿਚ ਜਾਮ।

ਸ਼ਰਾਬ ਦੇ ਵਿਚ ਹੀ
ਸੁਬਾਹ ਹੈ ਹੁੰਦੀ
ਸ਼ਰਾਬ ਦੇ ਵਿਚ ਹੀ ਹੈ ਪੈਂਦੀ ਸ਼ਾਮ।
ਨਸ਼ੇ ਦੇ ਵਿਚ ਹੀ
ਗਲਤਾਨ ਪਏ ਦੀ
ਲੰਘ ਜਾਂਦੀ ਹੈ ਉਮਰ ਤਮਾਮ।

ਮਰ ਜਾਂਦਾ
ਉਹ ਕਿਸੇ ਨਾਲ ਲੜ ਕੇ
ਜਾਂ ਦੇਂਦਾ ਉਹ ਕਿਸੇ ਨੂੰ ਮਾਰ।
ਜੇਹਲਾਂ ਦੇ ਵਿਚ
ਫਿਰ ਬੈਠ ਪਛਤਾਵੇ
ਬੇਚਕੇ ਆਪਣੇ ਸਿਆੜ ਉਹ ਚਾਰ।

**13**
ਲੋਕਾਂ ਦੇ ਘਰ
ਇਹ ਸ਼ਰਾਬ ਹੈ ਪੁੱਟਦੀ
ਇਹ ਖਾਲੀ ਕਰਦੀ ਖੂਹ।

ਜਿਉਂਦਾ ਭਾਵੇਂ
ਦਿਸੇ ਹਰ ਸ਼ਰਾਬੀ
ਪਰ ਮਰ ਜਾਂਦੀ ਉਹਦੀ ਰੂਹ।
ਜਿਧਰ ਦੀ ਵੀ
ਉਹ ਲੰਘਦਾ
ਹਰ ਕੋਈ ਕਰਦਾ ਥੂਹ।
ਘਰ ਨੂੰ ਰੋਜ਼



ਲਿਔਣਾ ਪੈਂਦਾ
ਮੋਢਿਆਂ ਤੇ ਚੁਕ ਧੂਹ।

**14**
ਦੁਨੀਆ ਵਿਚ
ਸ਼ਰਾਬ ਸਾਰੇ ਨੇ ਪੀਂਦੇ
ਕੋਈ ਨਹੀਂ ਕਿਸੇ ਨਾਲੋਂ ਘੱਟ।
ਪਰ ਉਸ ਤਰ੍ਹਾਂ
ਕੋਈ ਨਾ ਪੀਵੇ
ਜਿਸ ਤਰ੍ਹਾਂ ਪੀਂਦੇ ਨੇ ਜੱਟ।

ਜੱਟ ਦੇ ਪੁੱਤ ਨੂੰ
ਮਿਲਦੀ ਗੁੜ੍ਹਤੀ ਸ਼ਰਾਬ ਦੀ
ਜਦ ਹੈ ਉਹੋ ਜੰਮਦਾ।
ਉਹਦਾ ਬਾਪੂ
ਸ਼ਰਾਬ ਨਾਲ ਡੱਕ ਕੇ
ਫੇਰ ਹੈ ਉਹਨੂੰ ਥੰਮਦਾ।

ਪੁੱਤ ਜੰਮਣ ਦੀ
ਖੁਸ਼ੀ ਦੇ ਵਿਚ
ਉਹ ਜਦੋਂ ਛੱਟੀ ਹੈ ਕਰਦਾ।
ਆਂਢੀ ਗੁਆਂਢੀਆਂ ਤੋਂ ਲੈ
ਹਰ ਕੋਈ ਰੱਜਿਆ ਹੁੰਦਾ
ਸ਼ਰਾਬ ਨਾਲ ਜੀ ਘਰ ਦਾ।

ਸ਼ਰਾਬ ਨਾਲ ਰੱਜਕੇ
ਜੱਟ ਭੁੱਲ ਜਾਂਦਾ
ਕੀ ਹੁੰਦਾ ਹੈ ਰੱਬ।
ਡੱਕਿਆ ਜੱਟ
ਖੜ੍ਹਾ ਆਪਣੇ ਖੂਹ ਤੇ
ਉਹਨੂੰ ਸਦਦਾ "ਘੜੱਬ"।

**15**

ਸ਼ਰਾਬੀ ਕਹੇ
ਮੈਂ ਸ਼ਰਾਬ ਨੂੰ ਪੀਂਦਾ
ਪਰ ਸ਼ਰਾਬ ਬੰਦੇ ਨੂੰ ਪੀਵੇ।
ਪੀ ਕੇ ਰੱਤ
ਇਹ ਇਨਸਾਨਾਂ ਦੀ
ਸਦਾ ਇਸ ਜੱਗ ਤੇ ਜੀਵੇ।
ਸ਼ਰਾਬੀਆਂ ਦੇ ਚੁੱਲ੍ਹੇ
ਕਦੇ ਅੱਗ ਨਾ ਬਲਦੀ
ਨਾ ਬਲਦੇ ਘਰ ਵਿਚ ਦੀਵੇ।
ਸ਼ਰਾਬ ਜਿਊਂਦੀ
ਸ਼ਰਾਬੀਆਂ ਦੇ ਸਿਰ ਤੇ
ਉਹ ਇਹਦੇ ਸਹਾਰੇ ਜੀਵੇ।

ਬੱਚਿਆਂ ਦੇ ਮੂੰਹੋਂ
ਕੱਢਕੇ ਰੋਟੀ
ਉਹੋ ਸ਼ਰਾਬ ਤੇ ਲਾਵੇ।
ਸੌ ਜਾਂਦਾ ਰੱਜ ਕੇ
ਆਪ ਵੀ ਭੁੱਖਾ
ਉਹ ਖੁਦ ਵੀ ਨਾ ਖਾਵੇ।

**16**

ਦੁਨੀਆਂ ਨਾਲ ਨਾ
ਕਦੇ ਅੱਖ ਮਿਲਾਵੇ
ਕਿਸੇ ਸ਼ਰਾਬੀ ਦੀ ਤੀਵੀਂ।
ਲੋਕੀਂ ਜਦ
ਉਹਨੂੰ ਮਾਰਨ ਮੇਹਣੇ
ਉਹ ਪਾ ਲੈਂਦੀ ਨੀਵੀਂ।

ਜੇ ਤੀਵੀਂ ਹੋਵੇ
ਕਿਸੇ ਸ਼ਰਾਬੀ ਦੀ ਸੋਹਣੀ
ਬੋਤਲਾਂ ਲੈ ਲੋਕੀ ਔਂਦੇ।
ਪਾਕੇ ਉਹਦਾ



ਸ਼ਰਾਬੀ ਨੂੰ ਚੋਗਾ
ਹੱਥ ਉਹਦੀ ਇੱਜ਼ਤ ਨੂੰ ਪੌਂਦੇ।

ਸ਼ਰਾਬ ਦੇ ਨਾਲ
ਮਿਟਾ ਉਹ ਦਿੰਦਾ
ਧਰਮ ਮਰਯਾਦਾ ਦੀ ਹਰ ਲੀਕ।
ਨਾਲਦੇ ਮੰਜੇ ਤੇ ਜੇ
ਔਰਤ ਲੁੱਟ ਰਹੀ ਹੋਵੇ
ਉਹਦੇ ਕੰਨੀਂ ਨਾ ਪੈਂਦੀ ਚੀਕ।

ਦਿਨ ਚੜ੍ਹੇ
ਜੇ ਉਹ ਉਹਨੂੰ ਦੱਸੇ
ਚੰਗੇ ਨਹੀਂ ਹਨ ਤੇਰੇ ਯਾਰ।
ਖਬਰਦਾਰ!
ਜੇ ਕੁਛ ਕਿਹਾ ਉਨ੍ਹਾਂ ਨੂੰ
ਕੱਢ ਦਿਊਂ ਤੈਨੂੰ ਘਰੋਂ ਮੈਂ ਬਾਹਰ।

ਘਰ ਦੀ ਹਾਲਤ ਐਨੀ ਪਤਲੀ
ਦਿਸਦਾ ਨਹੀਂ ਕੋਈ ਦਾਣਾ।
ਰਾਤ ਜਿਸ ਨੇ ਸੀ ਇੱਜ਼ਤ ਲੁੱਟੀ,
ਬਣੌਨਾ ਪੈਂਦਾ ਉਸ ਲਈ ਖਾਣਾ।

ਕੱਢੇ ਉਹਦੇ ਮਾਪਿਆਂ ਨੂੰ ਗਾਲਾਂ
ਆਖੇ ਉਨ੍ਹਾਂ ਨੂੰ ਕੰਜਰ।
ਚੁੱਪ ਚਾਪ ਉਹ ਸਭ ਸਹਿ ਜਾਂਦੀ
ਸੀਨੇ ਖਾ ਇਹ ਖੰਜਰ।

ਗੁੱਸਾ ਉਹ
ਸਾਰੇ ਜੱਗ ਦਾ
ਆਪਣੀ ਔਰਤ ਤੇ ਕੱਢੇ।
ਅਸਲੀਅਤ
ਪਤਾ ਲੱਗਣ ਦੇ ਉੱਤੇ
ਉਹ ਔਰਤ ਆਪਣੀ ਵੱਢੇ।

**17**

ਕਹੋ ਜੇ ਉਹਨੂੰ
ਸ਼ਰਾਬ ਨਾ ਪੀ ਤੂੰ
ਉਹ ਕਦੇ ਨਾ ਹਟਦਾ।
ਮੈਂ ਕਿਹੜਾ
ਕਿਸੇ ਬਾਹਮਣ ਦਾ ਪੁੱਤ ਹਾਂ
ਮੈਂ ਹਾਂ ਪੁੱਤ ਇਕ ਜੱਟ ਦਾ।

ਮੈਂ ਕੋਈ
ਕੱਲਾ ਨਹੀਂ ਪੀਂਦਾ
ਪੀਂਦੇ ਇਹਨੂੰ ਸਾਰੇ।
ਜਦ ਚਿੱਤ ਕਰੂ
ਛੱਡ ਦੇਊਂਗਾ ਇਹਨੂੰ
ਲੌਂਦਾ ਰਹਿੰਦਾ ਲਾਰੇ।

ਹੋ ਜਾਂਦਾ
ਉਹ ਸਭ ਦਾ ਕਰਜਾਈ
ਧਰ ਦੇਂਦਾ ਜ਼ਮੀਨ ਭੀ ਗਹਿਣੇ।
ਵਿਆਹ ਦੇਂਦਾ
ਧੀ ਕਿਸੇ ਬੁੱਢੇ ਨਾਲ
ਲਗ ਕਿਸੇ ਸ਼ਰਾਬੀ ਦੇ ਕਹਿਣੇ।

ਸ਼ਰਾਬੀ
ਸ਼ਰਾਬ ਖਰੀਦਣ ਦੇ ਲਈ
ਹਰ ਇਕ ਕੋਲੋਂ ਮੰਗੇ।
ਦੁਨੀਆ ਦੀ
ਉਹਨੂੰ ਸ਼ਰਮ ਨਾ ਕੋਈ
ਮੰਗਦਾ ਕਦੇ ਨਾ ਸੰਗੇ।

**18**

ਨਿਤ ਸੌਂਹ ਉਹ
ਸਵੇਰ ਨੂੰ ਖਾ ਕੇ
ਸ਼ਾਮ ਪਈ ਤੇ ਤੋੜੇ।



ਤੋੜਕੇ ਸਭ
ਦੁਨੀਆ ਦੇ ਰਿਸ਼ਤੇ
ਸ਼ਰਾਬ ਦੇ ਨਾਲ ਉਹ ਜੋੜੇ।

ਕੋਈ ਨਹੀਂ ਕਰਦਾ
ਯਕੀਨ ਸ਼ਰਾਬੀ ਤੇ
ਭਾਵੇਂ ਹੱਥ ਤਵੇ ਤੇ ਰੱਖੇ।
ਘਰ ਗ੍ਰਿਹਸਤੀ ਦੇ
ਬਣੇ ਆਲ੍ਹਣੇ ਦੇ
ਖਿਲਰ ਜਾਂਦੇ ਨੇ ਡੱਕੇ।

ਘਰ ਨੂੰ ਲੱਗੀ
ਘੁਣ ਦੇ ਵਾਂਗੂੰ
ਇਹ ਅੰਦਰ ਅੰਦਰ ਖਾਵੇ।
ਮਾਣ ਜਿਨ੍ਹਾਂ ਨੂੰ
ਆਪਣੇ ਡੌਲਿਆਂ ਤੇ
ਇਹ ਉਨ੍ਹਾਂ ਨੂੰ ਢਾਹਵੇ।

ਸੜਕਾਂ ਉੱਤੇ
ਮੈਂ ਰੁਲਦੇ ਦੇਖੇ
ਵੱਡੇ ਵੱਡੇ ਸਰਦਾਰ।
ਕਦੇ ਜਿਹਨਾਂ ਦੀ
ਇੱਜ਼ਤ ਸੀ ਕਰਦੀ
ਮੁਲਖ਼ਾਂ ਦੀ ਸਰਕਾਰ।

**19**

ਇਸ ਸ਼ਰਾਬ ਨੇ
ਪਤਾ ਨਹੀਂ ਕਿੰਨੇ
ਥਾਂ ਥਾਂ ਪਾਏ ਪੁਆੜੇ।
ਇਸ ਸ਼ਰਾਬ ਨੇ
ਕਿੰਨੇ ਡੋਬੇ
ਕਿੰਨੇ ਜਿਉਂਦੇ ਸਾੜੇ।

ਖੁਦ ਬੰਦਾ
ਸ਼ਰਾਬ ਪੀ ਪੀ ਸੜਦਾ
ਸੜਦੇ ਘਰ ਦੇ ਜੀ।
ਔਰਤ ਹਮੇਸ਼ਾ ਦੁਖੀ ਹੈ ਰਹਿੰਦੀ
ਔਖੇ ਪੁੱਤ ਤੇ ਧੀ।

ਲੁਟਾ ਕੇ
ਕਈ ਵਾਰ ਘਰ ਬਾਰ ਆਪਣਾ
ਉਹ ਜਦ ਹੈ ਹੋਸ਼ 'ਚ ਔਂਦਾ।
ਦੇਖ ਕੇ ਆਪਣੇ
ਕੀਤੇ ਕਾਰੇ
ਬੈਠ ਕੇ ਉਹ ਪਛਤੌਂਦਾ।

ਫੇਰ ਪਛਤਾਇਆਂ
ਕੀ ਹੁੰਦਾ ਹੈ
ਵੇਲਾ ਹੱਥ ਨਾ ਔਂਦਾ।
ਫੇਰ ਬੈਠਾ
ਉਜੜੇ ਘਰ ਦੇ ਖੂੰਜੇ
ਉਹ ਨੀਰ ਬਹੌਂਦਾ।

ਫੇਰ ਰੋਇਆਂ
ਭਲਾ ਕੀ ਹੈ ਬਣਦਾ
ਜਦ ਸਭ ਕੁਛ ਹੈ ਲੁੱਟ ਜਾਂਦਾ।
ਫੇਰ ਨਾ ਜੁੜਦਾ
ਪਿਆਰ ਦਾ ਧਾਗਾ
ਜੇ ਇਕ ਵਾਰ ਹੈ ਟੁੱਟ ਜਾਂਦਾ।

**20**
ਇਸ ਮੁਲਖ ਵਿਚ
ਮੇਰੇ ਵਤਨ ਦੇ ਲੋਕੀ
ਦੇਖੇ ਦਾਰੂ ਪੀਂਦੇ।
ਇੰਜ ਲੱਗਦਾ ਹੈ
ਪਾਣੀ ਵਾਂਗੂੰ ਮੱਛੀ ਦੇ
ਬਸ ਇਹਦੇ ਆਸਰੇ ਜੀਂਦੇ।



ਛੱਡਕੇ ਉਹ
ਆਪਣਾ ਸਭ ਕੁਛ
ਕਮਾਈ ਕਰਨ ਲਈ ਆਏ।
ਪਰ ਬਣਾਏ
ਉਹਨਾਂ ਚਾਰ ਜੋ ਡਾਲਰ
ਉਹੀ ਸ਼ਰਾਬ ਤੇ ਲਾਏ।

ਪੁੱਤ ਜੱਟ ਦਾ
ਬੈਠਾ ਵਿਚ ਅਮਰੀਕਾ
ਸਾਹਮਣੇ ਪਈ ਹੋਵੇ ਵਿਸਕੀ।
ਫੇਰ ਭਲਾ
ਕੌਣ ਰੋਕਣ ਵਾਲਾ
ਜੇ ਮਜਾਲ ਹੈ ਕਿਸਦੀ।

ਜੇ ਆਖੋ
ਉਹਨੂੰ ਪੀ ਨਾ ਭਾਈ
ਤੇਰੇ ਲਈ ਨਹੀਂ ਚੰਗੀ।
"ਆਪਣੀ ਸਲਾਹ
ਤੂੰ ਰੱਖ ਕੋਲੇ
ਮੈਂ ਤੈਥੋਂ ਸਲਾਹ ਨਹੀਂ ਮੰਗੀ।"

ਮੈਂ ਭਲਾ
ਕੇਹੜਾ ਵਖਰੀ ਪੀਂਦਾ
ਪੀਂਦੇ ਲੋਕੀ ਸਾਰੇ।
ਅੰਦਰ ਬਹਿਕੇ ਨਹੀਂ
ਕੁਛ ਕਿਸੇ ਨੂੰ ਕਹਿੰਦਾ
ਨਹੀਂ ਕਰਦਾ ਉਲਟੇ ਕਾਰੇ।

ਕੀ ਹੋਇਆ
ਜੇ ਦੋ ਘੁੱਟ ਪੀ ਲਏ
ਇਸ ਦੁਨੀਆਂ ਤੇ ਆਇਆਂ
ਕੀ ਹੋਇਆ
ਜੇ ਸੌਣ ਲਈ ਪੀ ਲਈ
ਕੰਮ ਤੋਂ ਆਇਆ ਥੱਕਿਆ।

ਦੂਸਰੇ ਦਿਨ
ਜਦੋਂ ਕੰਮ ਤੋਂ
ਉਹਨੂੰ ਦੇਂਦੇ ਕੱਢ।
ਜਾਂ ਫੈਕਟਰੀ ਵਿਚ
ਕੰਮ ਕਰਦਿਆਂ
ਕੋਈ ਅੰਗ ਜਾਂਦਾ ਵੱਢ।

ਬੇਸਹਾਰਾ
ਫੇਰ ਉਹ ਹੋ ਕੇ
ਏਧਰ-ਉੱਧਰ ਝਾਕੇ।
ਕਹਿੰਦਾ ਕੋਈ
ਖ਼ਬਰ ਨਹੀਂ ਲੈਂਦਾ
ਹਸਪਤਾਲ 'ਚ ਆ ਕੇ।

ਕਈ ਸ਼ਰਾਬੀ
ਕੋਈ ਹਾਦਸਾ ਕਰਕੇ
ਆਪੇ ਨੇ ਜਾਂਦੇ ਮਰ।
ਜਾਂ ਮਾਰ ਕੇ
ਜੁਆਨ ਕਿਸੇ ਦਾ
ਸੁੰਨਾ ਕਰਦੇ ਘਰ।

ਪੁਲਿਸ ਕੋਲੋਂ
ਫੇਰ ਲੁਕਦੇ ਫਿਰਦੇ
ਜੇਹਲ ਦਾ ਦਿਲ 'ਚ ਡਰ।
ਪਿੰਜਰੇ ਫਸੇ
ਫੇਰ ਪੰਛੀ ਵਾਂਗੂੰ
ਕੁਛ ਨਹੀਂ ਸਕਦੇ ਕਰ।

ਦੇਖ ਨਿਤ
ਲੋਕਾਂ ਨਾਲ ਹੁੰਦੀ
ਸਮਝੋ ਕੁਛ ਤੁਸੀਂ ਭਾਈ।
ਅੱਜ ਨਹੀਂ ਤਾਂ
ਕੱਲ੍ਹ ਨੂੰ ਹੀ ਸਹੀ
ਇਹ ਘੜੀ ਤੁਹਾਡੇ ਤੇ ਆਈ।



ਦੋ ਚਾਰ ਘੁੱਟ
ਸ਼ਰਾਬ ਦੇ ਪੀ ਕੇ
ਜਦੋਂ ਚਲੌਂਦੇ ਹੋ ਤੁਸੀਂ ਟਰੱਕ।
ਮੌਤ ਨੂੰ ਤੁਸੀਂ
ਮਾਰਦੇ ਹੋ ਵਾਜਾਂ
ਨਹੀਂ ਰਹਿੰਦਾ ਕੋਈ ਫਰਕ।

ਮਾਰੋਗੇ ਤੁਸੀਂ ਨਾਲ ਕਿਸੇ ਨੂੰ
ਖ਼ੁਦ ਵੀ ਜਾਓਂਗੇ ਗਰਕ।
ਬਚ ਗਏ ਤੁਸੀਂ
ਜੇ ਅਪਾਹਜ ਹੋ ਕੇ
ਏਥੇ ਹੀ ਭੋਗੋਗੇ ਨਰਕ।

ਪੀਕੇ ਇਹੋ
ਜਿਨ੍ਹਾਂ ਨੇ ਛੱਡੀ
ਉਹ ਕਹਿਣ ਕੀ ਪੀਣ 'ਚ ਰੱਖਿਆ।
'ਭੱਜੀ' ਇਸ ਸ਼ਰਾਬ ਦਾ
ਸਵਾਦ ਵੀ ਕੋੜਾ
ਤੂੰ ਤਾਂ ਇਹਨੂੰ ਖ਼ੁਦ ਹੈ ਚੱਖਿਆ।

# ਸ਼ਰਾਬੀ ਦੀ ਧੀ

ਜਦ ਵੀ ਕੋਈ
ਸ਼ਰਾਬੀ ਹੈ ਮਰਦਾ
ਨਾਲ ਉਹਦੇ ਕੋਈ ਔਰਤ ਮਰਦੀ।
ਕਦੇ ਮਾਂ, ਭੈਣ ਜਾਂ ਬਣ ਤੀਵੀਂ
ਕਦੇ ਧੀ ਬਣਕੇ ਦੁਖ ਇਹ ਜਰਦੀ।
ਕੀਤੇ ਹੋਏ
ਸ਼ਰਾਬੀ ਦੇ ਗੁਨਾਹਾਂ ਦੀ
ਸਾਰੀ ਉਮਰ ਸਜ਼ਾ ਇਹ ਭਰਦੀ।
ਸਹਿਮ ਸਹਿਮ ਕੇ
ਇਹ ਦਿਨ ਕੱਟੇ
ਲੰਘਦੀ ਸਾਰੀ ਉਮਰ ਇਹਦੀ ਡਰਦੀ।

ਦਿਲ ਆਪਣੇ ਨੂੰ
ਇਕ ਦਿਨ ਫੋਲਿਆ
ਇਕ ਸ਼ਰਾਬੀ ਦੀ ਧੀ।
ਮਰਦੀ ਹਾਂ
ਕਹਿੰਦੀ ਰੋਜ ਮੈਂ ਵੀਰਾ
ਮਰ ਮਰ ਰਹੀ ਹਾਂ ਜੀ।
ਪਤਾ ਨਹੀਂ
ਇਸ ਜੱਗ ਤੇ ਆ ਕੇ
ਮੈਂ ਖੱਟਿਆ ਹੈ ਕੀ।
ਐਨਾਂ ਦੁਖਾਂ ਦੇ



ਵਿਚ ਦੀ ਲੰਘਕੇ
ਮੈਂ ਕਰ ਨਹੀਂ ਸਕਦੀ ਸੀ।

ਜਦੋਂ ਦੀ ਮੈਂ
ਹੈ ਹੋਸ਼ ਸੰਭਾਲੀ
ਹਰ ਪਾਸੇ ਸੀ ਮੇਰੇ ਸ਼ਰਾਬ।
ਉਸ ਵੇਲੇ
ਮੈਨੂੰ ਸਮਝ ਸੀ ਥੋਹੜੀ
ਲਗਦੀ ਨਹੀਂ ਸੀ ਇਹ ਖਰਾਬ।

ਨਾਨਕਿਆਂ ਦੇ
ਘਰ ਵੀ ਬੋਤਲਾਂ
ਸਾਡੇ ਘਰ ਵੀ ਇਹ ਹਰ ਪਾਸੇ।
ਜੇ ਕਹਿਣਾ
ਤੁਹਾਡੇ ਘਰ ਦੇ ਪੀਂਦੇ
ਟਾਲ ਦਈਦੀ ਸੀ ਗੱਲ ਹਾਸੇ।

ਸ਼ਾਮ ਜਦੋਂ
ਘਰ ਸਾਡੇ ਪੈਂਦੀ
ਮਾਂ ਮੇਰੀ ਸੀ ਥਰ-ਥਰ ਕਰਦੀ।
ਸਾਨੂੰ ਅੰਦਰ
ਵਾੜ ਉਹ ਦੇਂਦੀ
ਬਾਪੂ ਦੇ ਕੋਲੋਂ ਡਰਦੀ।

ਰਜਕੇ ਉਹੋ
ਨਾਲ ਸ਼ਰਾਬ ਦੇ
ਮਾਂ ਮੇਰੀ ਨੂੰ ਗਾਲ੍ਹਾਂ ਕੱਢਦਾ।
ਫੋਲ ਦੇਂਦਾ
ਉਹ ਸਾਰੇ ਪੋਤੜੇ
ਅਗਲੀ ਪਿਛਲੀ ਕਸਰ ਨਾ ਛੱਡਦਾ।

ਰੋਟੀ ਫੇਰ
ਜਦੋਂ ਖਾਣ ਉਹ ਲਗਦਾ
ਲੂਣ ਮਿਰਚ ਜੇ ਹੋਵੇ ਘੱਟ।

ਫੜ ਲੈਂਦਾ
ਉਹ ਮਾਂ ਨੂੰ ਗੁੱਤ ਤੋਂ
ਉਠਕੇ ਮੰਜੇ ਉੱਤੋਂ ਝੱਟ।
ਖਿਚਕੇ
ਵਾਲਾਂ ਦੇ ਗੁੱਛੇ
ਉਹ ਸਿਰ ਤੋਂ ਦੇਂਦਾ ਪੱਟ।
ਡੋਲ੍ਹ ਕੇ ਸਬਜ਼ੀ
ਜ਼ਮੀਨ ਦੇ ਉੱਤੇ
ਮਾਂ ਮੇਰੀ ਨੂੰ ਕਹਿੰਦਾ ਚੱਟ।

ਸਮਝਕੇ ਉਹਨੂੰ
ਉਹ ਕੋਈ ਖਿਲੌਣਾ
ਐਧਰ-ਉਧਰ ਸੁੱਟੇ।
ਧੋਬੀ ਜਿਵੇਂ
ਧੋਂਦਾ ਹੈ ਕੱਪੜੇ
ਇੰਜ ਉਹ ਉਸਨੂੰ ਕੁੱਟੇ।
ਜਾਂ ਫੇਰ
ਬਹਿ ਉਹਦੀ ਛਾਤੀ ਤੇ
ਸੰਘੀ ਉਹਦੀ ਘੁੱਟੇ।
ਪਰਵਾਹ ਨਹੀਂ
ਉਹ ਮਰੇ ਜਾਨ ਤੋਂ
ਜਾਂ ਹੱਡੀ ਕੋਈ ਟੁੱਟੇ।

"ਅੱਗ ਲਾ ਦਿਊਂ
ਕਹਿੰਦਾ ਮੈਂ ਘਰ ਨੂੰ"
ਤੋੜ ਦਿੰਦਾ ਸਭ ਘਰ ਦੇ ਭਾਂਡੇ।
ਤੇਰੇ ਮਾਪਿਆਂ ਕੰਜਰਾਂ
ਨਾ ਰੋਟੀ ਟੁੱਕ ਸਿਖਾਇਆ
ਨਿਕਲ ਜਾ ਏਥੋਂ ਕੁਤੀਏ ਰਾਂਡੇ।
ਡੋਲ੍ਹ ਦਿੰਦਾ
ਉਹਦੇ ਮੂੰਹ ਤੇ ਪਾਣੀ
ਜਾਂ ਸੁੱਟ ਦਿੰਦਾ ਤੱਤਾ ਸਾਗ।
ਅਜ ਵੀ



ਕਈ ਸਾਲਾਂ ਦੇ ਮਗਰੋਂ
ਦਿਸਦੇ ਉਹਦੇ ਪਿੰਡੇ ਦਾਗ।

ਪਰ ਉਹ ਜ਼ਖ਼ਮ
ਨਾ ਕਿਸੇ ਨੇ ਦੇਖੇ
ਜੋ ਮਾਂ ਮੇਰੀ ਦੇ ਦਿਲ ਤੇ ਲੱਗੇ।
ਭਾਈ ਉਹਦੇ ਸੀ
ਹੁੰਦੇ ਸ਼ਰਾਬੀ
ਸ਼ਰਾਬੀ ਹੀ ਉਹਨੂੰ ਮਿਲ ਗਿਆ ਅੱਗੇ।

ਚੁਪਚਾਪ
ਮੇਰੀ ਮਾਂ ਦੀਆਂ ਅੱਖਾਂ 'ਚੋਂ
ਵਗਦਾ ਰਹਿੰਦਾ ਨੀਰ।
ਚੁਪਚਾਪ
ਬੇਬਸ ਹੋ ਕੇ
ਡਰਦੇ ਰਹਿੰਦੇ ਮੇਰੇ ਵੀਰ।

ਮਾਂ ਮੇਰੀ ਨੂੰ
ਉਮੀਦ ਸੀ ਪੂਰੀ
ਕੱਟ ਜਾਣਗੇ ਉਹਦੇ ਦੁੱਖ।
ਘਰ ਵਾਲੇ ਤੋਂ
ਤਾਂ ਸੁਖ ਨਾ ਮਿਲਿਆ
ਪੁੱਤ ਦੇਣਗੇ ਉਹਨੂੰ ਸੁਖ।
ਰੋਂਦੀ ਹੋਈ ਵੀ
ਉਹ ਨਾਲ ਪਿਆਰ ਦੇ
ਚੁੰਮਦੀ ਰਹਿੰਦੀ ਬੀਰਾਂ ਦੇ ਮੁਖ।
ਪਰ ਜਿਸ ਦਿਨ ਪੈਰ
ਉਨ੍ਹਾਂ ਜਵਾਨੀ ਧਰਿਆ
ਬਦਲ ਗਏ ਉਨ੍ਹਾਂ ਦੇ ਵੀ ਰੁਖ਼।
ਮਾਂ ਮੇਰੀ ਨੂੰ
ਇੰਜ ਪਿਆ ਲੱਗੇ
ਕਿਸੇ ਸਰਾਪੀ ਉਹਦੀ ਕੁੱਖ।

ਇਸ ਮਹੌਲ ਦੇ
ਅੰਦਰ ਪਲਕੇ ਵੀ
ਨਹੀਂ ਹੋਈ ਸ਼ਰਾਬ ਨਾਲ ਨਫ਼ਰਤ।
ਗੁਆਚ ਗਏ
ਮੇਰੀ ਮਾਂ ਦੇ ਸਪਨੇ
ਪੂਰੀ ਨਾ ਹੋਈ ਉਹਦੀ ਹਸਰਤ।

ਸ਼ਰਾਬ 'ਚ ਜੰਮਕੇ
ਸ਼ਰਾਬ 'ਚ ਪਲਕੇ
ਸ਼ਰਾਬ ਦੇ ਵਿਚ ਹੀ ਲੰਘ ਗਿਆ ਜੀਵਨ।
ਮਾਂ ਜਾਏ,
ਫਿਰ ਜੀਵਨ ਸਾਥੀ
ਤੇ ਕੁੱਖੋਂ ਜਾਏ ਸਭ ਹੀ ਪੀਵਣ।

ਮਾਂ ਮੇਰੀ
ਘਿਰੀ ਸ਼ਰਾਬ ਨਾਲ ਹਰ ਪਾਸੇ
ਦਿਸਦੀ ਨਹੀਂ ਉਹਨੂੰ ਕੋਈ ਰਾਹ।
ਪੁੱਤਾਂ ਨੇ ਵੀ
ਰੋਲਤੇ ਸੁਪਨੇ
ਨਹੀਂ ਕੋਈ ਉਹਦੇ ਦਿਲ ਵਿਚ ਚਾਹ।
ਮੂੰਹੋਂ ਡਰਦੀ
ਕੋਈ ਬੋਲ ਨਾ ਕੱਢੇ
ਕਿਤੇ ਲਗ ਨਾ ਜਾਵੇ ਕੋਈ ਆਹ।
ਬੇਬਸੀ ਨਾਲ
ਉਡੀਕ ਰਹੀ ਹੈ
ਕਦੋਂ ਪੂਰੇ ਹੋਣਗੇ ਉਹਦੇ ਸਾਹ।

ਕਰਦਾ ਸੀ
ਜੋ ਬਾਪੂ ਮੇਰਾ
ਉਹੀ ਹਾਲ ਹੁਣ ਵੀਰ ਨੇ ਕਰਦੇ।
ਡਰਦਾ ਹੈ
ਹੁਣ ਬਾਪੂ ਉਨ੍ਹਾਂ ਤੋਂ
ਉਹ ਨਾ ਬਾਪੂ ਕੋਲੋਂ ਡਰਦੇ।



ਮਾਂ ਮੇਰੀ
ਜਦ ਰੋਕੇ ਬਾਪੂ ਨੂੰ
ਉਹ ਖਾਵੇ ਝੂਠੀਆਂ ਸੌਹਾਂ।
ਪੁੱਤਰ ਉਹਦੇ
ਮਾਰਨ ਛਿੱਤਰ
ਥੂ ਥੂ ਉਹਨੂੰ ਕਰਦੀਆਂ ਨੋਹਾਂ।

ਮਾਂ ਮੇਰੀ
ਨਿੱਤ ਉਨ੍ਹਾਂ ਲਈ ਕੰਬੇ
ਦੇਂਦੀ ਨੋਹਾਂ ਨੂੰ ਧਰਵਾਸ।
ਸ਼ਾਇਦ ਕੱਲ੍ਹ ਨੂੰ
ਛੱਡ ਦੇਣਗੇ ਪੀਣੀ
ਰਖਦੀ ਸਦਾ ਉਹ ਦਿਲ ਵਿਚ ਆਸ।

ਸ਼ੁਕਰ ਰੱਬ ਦਾ
ਮੈਂ ਛੱਡ ਆਈ ਪਿੱਛੇ
ਸਾਡੇ ਘਰ ਦਾ ਉਹ ਨਰਕ।
ਜਿੱਥੇ ਬੰਦੇ
ਨਿੱਤ ਸ਼ਾਮ ਨੂੰ ਪੀਂਦੇ
ਕਰਦੇ ਪੂਰਾ ਆਪਣਾ ਠਰਕ।
ਪਹਿਲਾਂ ਬਾਪੂ
ਹੁਣ ਭਾਈ ਮੇਰੇ
ਕਰ ਰਹੇ ਸਾਡੇ ਘਰ ਨੂੰ ਗਰਕ।
ਨਰਕ ਭਲਾ
ਕੀ ਹੋਰ ਹੋਣੈ
ਲਗਦਾ ਨਹੀਂ ਮੈਨੂੰ ਕੋਈ ਫਰਕ।

ਉਨ੍ਹਾਂ ਤੇ ਮੇਰਾ
ਕੋਈ ਜ਼ੋਰ ਨਾ ਚਲਦਾ
ਮੈਂ ਬੈਠੀ ਹਾਂ ਦੂਰ।
ਮਾਂ ਮੇਰੀ ਵੀ
ਕੁਛ ਕਰ ਨਹੀਂ ਸਕਦੀ
ਉਹ ਵੀ ਹੈ ਮਜਬੂਰ।

ਜਦ ਵੀ ਕਦੇ
ਏਥੇ ਫੋਨ ਸਾਡਾ
ਠਣਨ ਠਣਨ ਹੈ ਕਰਦਾ।
ਹੋਵੇ ਨਾ ਕੋਈ
ਮਾੜੀ ਖ਼ਬਰ ਘਰ ਤੋਂ
ਦਿਲ ਮੇਰਾ ਹੈ ਡਰਦਾ।

ਰੱਬ ਅੱਗੇ
ਨਿੱਤ ਕਰਾਂ ਅਰਦਾਸਾਂ
ਕਦੇ ਕਾਵਾਂ ਲਈ ਚੂਰੀਆਂ ਚੂਰਾਂ।
'ਭੱਜੀ' ਦੂਰ ਬੈਠੇ
ਬੇਬਸ ਜਹੀ ਹੋ ਕੇ
ਮੈਂ ਆਪਣੇ ਟੱਬਰ ਲਈ ਝੂਰਾਂ।

# ਕਬੱਡੀ

ਸੀ ਪਿੰਡ ਮੇਰੇ ਵਿਚ
ਖੇਡਦੇ ਹੁੰਦੇ
ਇਕ ਕਬੱਡੀ ਦੀ ਖੇਲ।
ਦੂਰੋਂ ਦੂਰੋਂ ਚਲ
ਲੋਕੀਂ ਖੇਡਣ ਔਂਦੇ
ਮਲ ਪੱਟਾਂ ਨੂੰ ਤੇਲ।

ਸੀਟੀ ਬਜਣ ਤੇ
ਇਕ ਬੰਦਾ ਫੇਰ
ਕੌਡੀ ਕੌਡੀ ਪੌਂਦਾ।
ਉਹ ਹੀ ਸੀ
ਸਿਰਫ਼ ਉਹਨੂੰ ਫੜਦਾ
ਜਿਸਨੂੰ ਹੱਥ ਉਹ ਲੌਂਦਾ।
ਇਕੋ ਸਾਹ ਵਿਚ
ਹਥ ਉਹ ਲਾਕੇ
ਜੇ ਪਿੱਛੇ ਮੁੜ ਔਂਦਾ।
ਉਹ ਹੀ ਖਿਡਾਰੀ
ਹੁੰਦਾ ਸੀ ਜੇਤੂ
ਸਭ ਦੇ ਮਨ ਨੂੰ ਭੌਂਦਾ।

ਅੱਜ ਕਲ੍ਹ ਦੀ
ਇਹ ਕੈਸੀ ਕਬੱਡੀ
ਜੋ ਲੋਕੀਂ ਉੱਥੇ ਖੇਡਦੇ ਨੇ।

ਐਵੇਂ ਹੀ
ਮਾਰ ਮੇਹਣੇ ਤਾਹਨੇ
ਉਹ ਗੱਭਰੂਆਂ ਨੂੰ ਛੇੜਦੇ ਨੇ।

ਇਕ ਪਾਸੇ
ਮੇਰੇ ਪਿੰਡ ਦੇ ਗੱਭਰੂ
ਦੂਜੇ ਪਾਸੇ ਨੇ ਆਦਮ ਖਾਣੇ।
ਕੀ ਉਨ੍ਹਾਂ ਦੇ
ਚਿਤ ਦੇ ਅੰਦਰ
ਕੋਈ ਨਾ ਉਨ੍ਹਾਂ ਦੇ ਦਿਲ ਦੀ ਜਾਣੇ।

ਇਕ ਜਣਾ
ਜਦ ਕੌਡੀ ਪਾਵੇ
ਸਭ ਇਕੱਠੇ ਹੋ ਕੇ ਫੜਦੇ ਨੇ।
ਛੁਟਕੇ ਫੇਰ ਵੀ
ਜੇ ਉਹ ਚਲਾ ਜਾਵੇ
ਆਪਸ ਦੇ ਵਿਚ ਲੜਦੇ ਨੇ।
ਇਕ ਟੀਮ ਨੂੰ
ਜਿਤੌਣ ਦੀ ਖਾਤਿਰ
ਕਨੂੰਨ ਨਵੇਂ ਨਿੱਤ ਘੜਦੇ ਨੇ।
ਕਰ ਦੇਂਦੇ
ਲਾਪਤਾ ਉਨ੍ਹਾਂ ਨੂੰ
ਜੋ ਥੋਹੜਾ ਜਿਹਾ ਅੜਦੇ ਨੇ

ਮੇਰੇ ਪਿੰਡ ਦਾ
ਉਹ ਸੋਹਣਾ ਗੱਭਰੂ
ਜੋ ਕਬੱਡੀ ਵਿਚ ਨਹੀਂ ਸੀ ਹਾਰਿਆ।
'ਭੱਜੀ' ਅੱਜ ਉਹਨਾਂ
ਇਹਨਾਂ ਆਦਮ ਖਾਣਿਆਂ
ਰੜੇ ਮੈਦਾਨ ਹੈ ਮਾਰਿਆ।

## ਗੁਆਚਾ ਗੀਤ

ਕੱਲ੍ਹ ਇਕ ਗੀਤ
ਮੇਰੇ ਪਿੰਡੋਂ ਆ ਕੇ
ਮੇਰੇ ਗਲ ਲਗਕੇ ਸੀ ਰੋ ਪਿਆ।
ਮੇਰੇ ਮੋਢੇ
ਉੱਤੇ ਸਿਰ ਉਹ ਧਰ ਕੇ
ਕੁਛ ਹੰਝੂ ਸੀ ਚੋ ਗਿਆ।

ਸੁਣੀ ਨਹੀਂ
ਮੈਂ ਗੱਲ ਉਹਦੀ
ਪਤਾ ਨਹੀਂ ਕੀ ਸੀ ਹੋ ਗਿਆ।
ਉਹ ਦਸ ਰਿਹਾ ਸੀ
ਮੈਨੂੰ ਦੁਖੜੇ ਆਪਣੇ
ਮੈਂ ਸੁਣਦਾ ਸੁਣਦਾ ਸੌਂ ਗਿਆ।

ਦਿਨ ਚੜ੍ਹੇ
ਜਦ ਮੈਂ ਭਾਲਣ ਲੱਗਾ
ਉਹ ਗੀਤ ਸੀ ਕਿਧਰੇ ਖੋ ਗਿਆ।
ਜੋ ਕੁਛ ਵੀ
ਉਹ ਦਸ ਰਿਹਾ ਸੀ
ਉਹ ਦਿਲ ਮੇਰੇ ਨੂੰ ਛੂਹ ਗਿਆ।

ਔਂਦਾ ਹੈ
ਜਦੋਂ ਹੜ੍ਹ ਖਿਆਲਾਂ ਦਾ

ਇਕ ਵਹਿਣ ਜਿਹਾ ਬਹਿ ਜਾਂਦਾ ਹੈ
ਰੁੜ੍ਹ ਜਾਂਦਾ
ਸਭ ਉਹਦੇ ਅੰਦਰ
ਬਸ ਕਾਗਜ਼ ਤੇ ਲਿਖਿਆ ਰਹਿ ਜਾਂਦਾ ਹੈ।

ਲਗਦਾ ਸੀ
ਮੈਨੂੰ ਉਹ ਜੱਗ ਤੋਂ ਕੱਲਾ
ਨਹੀਂ ਦਿਸਦਾ ਕੋਈ ਮੀਤ ਸੀ।
'ਭੱਜੀ' ਤੇਰੀ ਅਣਗਹਿਲੀ ਕਰਕੇ
ਅੱਜ ਗੁਆਚ ਗਿਆ
ਉਹ ਪਿੰਡੋਂ ਆਇਆ ਗੀਤ ਸੀ।

## ਗੁਆਚੇ ਦਿਨ

ਕਿੱਥੇ ਗਏ ਉਹ ਦਿਨ
ਜਦੋਂ ਕੁੱਕੜ ਦੀ ਵਾਂਗ ਸੁਣ
ਸਾਰਾ ਪਿੰਡ ਹੌਲੀ ਹੌਲੀ ਹਿਲਦਾ ਸੀ।
ਸਵੇਰੇ ਸਵੇਰੇ
ਦਹੀਂ ਮੱਖਣ ਦੇ ਨਾਲ
ਬੇਹਾ ਟੁਕ ਖਾਣ ਨੂੰ ਮਿਲਦਾ ਸੀ।

ਕਿੱਥੇ ਗਏ ਉਹ ਦਿਨ
ਜਦੋਂ ਸਾਰਾ ਸਾਰਾ ਦਿਨ
ਇਕੱਠੇ ਮੱਝਾਂ ਚਾਰਦੇ ਸੀ।
ਬਿਨਾਂ ਝਿਜਕ ਤੋਂ
ਇਕ ਦੂਜੇ ਨੂੰ
ਉੱਚੀ ਉੱਚੀ ਵਾਜਾਂ ਮਾਰਦੇ ਸੀ।

ਕਿੱਥੇ ਗਏ ਉਹ ਦਿਨ
ਜਦੋਂ ਸਾਰੀਆਂ ਮਧਾਣੀਆਂ
ਇਕੱਠੀਆਂ ਹੋ ਕੇ ਰੌਲਾ ਪੌਂਦੀਆਂ ਸੀ।
ਇੰਜ ਲਗਦਾ ਸੀ
ਜਿਵੇਂ ਇਕ ਸੁਰ ਵਿਚ
ਗੀਤ ਉਹ ਕੋਈ ਗੌਂਦੀਆਂ ਸੀ।

ਕਿੱਥੇ ਗਏ ਉਹ ਦਿਨ
ਜਦੋਂ ਠੀਕਰੀਆਂ ਨੂੰ ਸੁੱਟ

ਛੱਪੜ ਦੇ ਪਾਣੀ ਤੇ ਤਾਰਦੇ ਸੀ।
ਬਿਨਾਂ ਕਿਸੇ ਕੰਮ ਤੋਂ
ਗਲੀਆਂ ਵਿਚ ਫਿਰਦੇ
ਸਾਰਾ ਦਿਨ ਗੁਜ਼ਾਰਦੇ ਸੀ।

ਕਿੱਥੇ ਗਏ ਉਹ ਦਿਨ
ਜਦੋਂ ਨਿੱਤ ਖੇਡਦੇ ਸੀ
ਭਾਂਤ ਭਾਂਤ ਦੀਆਂ ਖੇਲਾਂ।
ਕਿੱਧਰ ਗਏ
ਉਹ ਗੁੱਲੀ ਡੰਡਾ
ਕਿਧਰੇ ਗਈਆਂ ਗੁਲੇਲਾਂ।

ਕਿੱਧਰ ਗਏ ਉਹ ਦਿਨ
ਜਦੋਂ ਰਜਾਈਆਂ 'ਚ ਬਹਿੰਦੇ ਸੀ
ਸਿਆਲ ਦੀਆਂ ਲੰਮੀਆਂ ਰਾਤਾਂ ਨੂੰ।
ਬਸ ਉਸ ਮਿੱਠੇ ਨਿੱਘ ਵਿਚ
ਨੀਂਦ ਆ ਜਾਂਦੀ
ਹੁੰਗਾਰੇ ਭਰਦਿਆਂ ਬਾਤਾਂ ਨੂੰ।

ਕਿੱਥੇ ਗਏ ਉਹ ਦਿਨ
ਜਦ ਮਿਸਰੀ ਨਾਲੋਂ ਸੀ
ਮਿੱਠੀ ਲਗਦੀ ਤਾਜ਼ ਗੁੜ ਦੀ ਪੇਸੀ।
ਸਣ ਕਢਦੇ
ਸੇਕਦੇ ਸੀ ਧੂਣੀ
ਉੱਤੇ ਲੈ ਕੇ ਖੇਸੀ।

ਕਿੱਥੇ ਗਏ ਉਹ ਦਿਨ
ਜਦੋਂ ਬੇਬੇ ਸ਼ਾਮ ਨੂੰ
ਉੱਚੀ ਉੱਚੀ ਵਾਜਾਂ ਮਾਰਦੀ ਸੀ।
ਜੇ ਉਹਦੀ ਗੱਲ
ਅਣਸੁਣੀ ਕਰ ਦੇਵੋ
ਉਹ ਚੰਡੀ ਦਾ ਰੂਪ ਧਾਰਦੀ ਸੀ।



ਕਿੱਥੇ ਗਏ ਉਹ ਦਿਨ
ਜਦੋਂ ਚੋਰੀ ਚੋਰੀ
ਬੇਰੀਆਂ ਤੋਂ ਬੇਰ ਤੋੜਦੇ ਸੀ।
ਪੀਲੀ ਪੱਗ ਵਾਲੇ ਬਾਬੇ ਨੂੰ ਦੇਖ
ਇਕ ਦੂਏ ਤੋਂ ਮੋਹਰੇ ਦੌੜਦੇ ਸੀ।

ਕਿੱਥੇ ਗਏ ਉਹ ਦਿਨ
ਜਦ ਗਲ ਸਾਡੇ
ਹੁੰਦਾ ਸੀ ਖੱਦਰ ਦਾ ਝੱਗਾ।
ਰਾਜਿਆਂ ਵਾਂਗੂੰ
ਬਹਿੰਦੇ ਸੀ ਗੱਡੇ ਤੇ
ਅੱਗੇ ਜੋੜਕੇ ਲਾਖਾ ਤੇ ਬੱਗਾ।

ਕਿੱਥੇ ਗਏ ਉਹ ਦਿਨ
ਜੋ ਸਾਂਭ ਕੇ ਨਿੱਕੇ ਹੁੰਦਿਆਂ
ਮੈਂ ਆਪਣੇ ਬੋਝੇ ਵਿਚ ਪਾਏ ਸੀ।
ਇਕ ਦਿਨ ਸ਼ਾਮ ਨੂੰ
ਖੇਲ੍ਹਣ ਤੋਂ ਬਾਅਦ
ਮੈਂ ਕੀਲੀ ਤੇ ਲਟਕਾਏ ਸੀ।
ਇੰਜ ਲਗਦਾ
ਉਹ ਰਹਿ ਗਏ,
ਖੱਦਰ ਦੇ ਕੁੜਤੇ ਵਿਚ
ਐਥੇ ਮੇਰੇ ਨਾਲ ਨਹੀਂ ਆਏ ਸੀ।

ਹੁਣ ਭੀ ਜਦ ਕਿਤੇ
ਯਾਦ ਔਂਦੇ ਹਨ
ਉਹ ਗੁਆਚੇ ਦਿਨ
ਇਕ ਹਸੀਨ ਸੁਪਨੇ ਵਾਂਗ ਲਗਦੇ ਨੇ।
ਬੇਬਸ ਹੋ
'ਭੱਜੀ' ਦੀਆਂ ਅੱਖਾਂ 'ਚੋਂ
ਹੰਝੂ ਆਪ ਮੁਹਾਰੇ ਵਗਦੇ ਨੇ।

# ਬਾਪੂ ਦੀ ਚਿੱਠੀ

ਅਸੀਂ ਐਥੇ ਸਭ ਰਾਜ਼ੀ ਖ਼ੁਸ਼ੀ ਹਾਂ
ਤੈਨੂੰ ਸਭ ਦੀ ਸਤ ਸ੍ਰੀ ਅਕਾਲ ਕਾਕਾ।
ਤੂੰ ਤਾਂ ਹੁਣ ਕਦੇ ਖਤ ਨਹੀਂ ਪੌਂਦਾ
ਅਸੀਂ ਸੋਚਿਆ ਪੁੱਛੀਏ ਤੇਰਾ ਹਾਲ ਚਾਲ ਕਾਕਾ।

ਪੰਜ ਸਾਲ ਤੋਂ ਵੱਧ ਹੋ ਗਏ ਤੈਨੂੰ ਗਏ ਨੂੰ
ਹੁਣ ਖਤ ਵੀ ਕਦੇ ਤੇਰਾ ਆਇਆ ਨਹੀਂ।
ਆਪਣੀ ਮਾਂ ਭੈਣ ਦੇ ਖਰਚੇ ਲਈ
ਹੁਣ ਪੈਸਾ ਵੀ ਕਦੇ ਤੂੰ ਪਾਇਆ ਨਹੀਂ।

ਦਾਦਾ ਤੇਰਾ ਤੱਕੇ ਬੂਹੇ ਵੱਲ ਨੂੰ
ਸਦਾ ਮੰਜੇ ਤੇ ਪਿਆ ਹੈ ਰਹਿੰਦਾ।
ਮਿਲ ਜਾਵੇ ਮੇਰਾ ਭੱਜੀ ਇਕ ਵਾਰੀ
ਹਮੇਸ਼ਾ ਬਸ ਇਹ ਹੀ ਕਹਿੰਦਾ।

ਤੇਰੇ ਲਈ ਕੁੜੀਆਂ ਭਾਲਦੀ ਫਿਰਦੀ
ਭੱਜੀ ਫਿਰਦੀ ਹੈ ਤੇਰੀ ਦਾਦੀ।
ਮਰਨ ਤੋਂ ਪਹਿਲਾਂ ਆਪਣੇ ਹੱਥੀਂ
ਕਹਿੰਦੀ ਮੈਂ ਕਰਨੀ ਪੋਤੇ ਦੀ ਸ਼ਾਦੀ।

ਮਾਂ ਤੇਰੀ ਬਿਮਾਰ ਹੈ ਰਹਿੰਦੀ
ਉਹ ਗਜ ਗਜ ਲੰਮੇ ਹੋਕੇ ਭਰਦੀ।
ਮੈਥੋਂ ਬੱਚਾ ਉਹ ਦੇਖ ਨਾ ਹੋਵੇ
ਅੱਖਾਂ ਸਾਮ੍ਹਣੇ ਘੁਟ ਘੁਟ ਮਰਦੀ।



ਭੈਣ ਤੇਰੀ ਵੀ ਜਵਾਨ ਹੋ ਗਈ
ਵਿਆਹ ਉਹਦਾ ਵੀ ਹੈ ਹੁਣ ਕਰਨਾ।
ਐਥੇ ਲੋਕਾਂ ਨੇ ਮੂੰਹ ਬਾਹਲਾ ਅੱਡਿਆ
ਉਹ ਵੀ ਤਾਂ ਹੈ ਪੈਣਾ ਭਰਨਾ।

ਸ਼ਾਹੂਕਾਰ ਮਾਰੇ ਨਿੱਤ ਗੇੜੇ
ਜਿਸ ਕੋਲ ਜ਼ਮੀਨ ਪਈ ਹੈ ਗਹਿਣੇ।
ਜੇ ਵੇਲੇ ਸਿਰ ਉਹਦੇ ਪੈਸੇ ਨਾ ਮੋੜੇ
ਇਹ ਚਾਰ ਕਿੱਲੇ ਵੀ ਸਾਡੇ ਕੋਲ ਨਾ ਰਹਿਣੇ।

ਬੁੱਢਾ ਸਰੀਰ ਹੋ ਗਿਆ ਹੈ ਮੇਰਾ
ਨਹੀਂ ਚੁੱਕ ਹੁੰਦਾ ਹੁਣ ਇਹ ਭਾਰ ਕਾਕਾ।
ਇਸ ਜ਼ਿੰਦਗੀ ਦਾ ਕੀ ਭਰੋਸਾ
ਆ ਕੇ ਮਿਲ ਜਾ ਇਕ ਵਾਰੀ ਕਾਕਾ।

ਮੇਰੇ ਜਿਊਂਦੇ ਜੀ ਜੇ ਤੂੰ ਨਾ ਆਇਆ
ਫੇਰ ਮਰਨ ਤੋਂ ਬਾਅਦ ਨਾ ਆਈਂ ਕਾਕਾ।
'ਭੱਜੀ' ਮੈਂ ਸਮਝ ਲਊਂਗਾ ਮੇਰਾ ਪੁੱਤ ਨਹੀਂ ਕੋਈ
ਤੇ ਲਾਂਬੂ ਨਾ ਮੈਨੂੰ ਲਾਈਂ ਕਾਕਾ।

# ਪੁੱਤ ਦਾ ਜਵਾਬ

ਖਤ ਮਿਲਿਆ ਮੈਨੂੰ ਤੁਹਾਡਾ ਬਾਪੂ
ਮੈਂ ਛੇਤੀ ਹੀ ਆ ਜਾਵਾਂ।
ਆ ਕੇ ਕਰ ਜਾਂ ਵਿਆਹ ਭੈਣ ਦਾ
ਸਾਰੇ ਕਰਜ਼ੇ ਲਾਹ ਜਾਵਾਂ।

ਤੁਰਿਆ ਸੀ ਜਦੋਂ ਪਿੰਡ ਨੂੰ ਛੱਡਕੇ
ਮੈਂ ਲੱਖਾਂ ਖਾਬ ਸਜਾਏ ਸਨ।
ਪੂਰੇ ਕਰਨ ਲਈ ਅਰਮਾਨ ਇਹ ਮੇਰੇ
ਤੁਸਾਂ ਖੱਤੇ ਗਹਿਣੇ ਪਾਏ ਸਨ।

ਸੋਚਿਆ ਸੀ ਮੈਂ ਪਹੁੰਚ ਅਮਰੀਕਾ
ਢੇਰ ਡਾਲਰਾਂ ਦਾ ਹੂੰਝ ਲਵਾਂਗਾ।
ਛੁਡਾ ਲਵਾਂਗਾ ਜ਼ਮੀਨ ਮੈਂ ਸਾਰੀ
ਮਾਪਿਆਂ ਦੇ ਹੰਝੂ ਪੂੰਝ ਦੇਵਾਂਗਾ।

ਪਰ ਹੁਣ ਤਕ ਜੋ ਮੈਂ ਸੋਚਿਆ
ਉਹ ਪੂਰਾ ਹਾਲੇ ਹੋਇਆ ਨਹੀਂ।
ਲੰਘਦਾ ਨਹੀਂ ਕੋਈ ਦਿਨ ਐਸਾ
ਜਦ ਮੈਂ ਬੇਬਸੀ ਤੇ ਰੋਇਆ ਨਹੀਂ।

ਝਾੜੂ ਤਾਂ ਹੈ ਅੱਜ ਹੱਥ ਵਿਚ ਮੇਰੇ
ਪਰ ਡਾਲਰ ਮੈਥੋਂ ਹੂੰਝ ਨਾ ਹੋਏ।
ਸੁੱਕ ਗਏ ਮੇਰੀਆਂ ਅੱਖਾਂ ਦੇ ਅੱਥਰੂ
ਤੁਹਾਡੇ ਤਾਂ ਮੈਥੋਂ ਪੂੰਝ ਨਾ ਹੋਏ।



ਫਿਕਰ ਮੈਨੂੰ ਦਿਨ ਰਾਤ ਹੈ ਰਹਿੰਦਾ
ਕਿਵੇਂ ਹੱਥ ਗੁੱਡੀ ਦੇ ਕਰਨੇ ਪੀਲੇ।
ਏਥੇ ਕੋਸ਼ਿਸ਼ ਮੈਂ ਬਹੁਤ ਹੈ ਕੀਤੀ
ਪਰ ਚਲਦੇ ਨਹੀਂ ਬਾਪੂ ਕੋਈ ਹੀਲੇ।

ਲੰਘ ਗਏ ਨੇ ਪੰਜ ਸਾਲ ਇੰਜ ਹੀ
ਹਾਲੇ ਪੈਸੇ ਪੂਰੇ ਹੋਏ ਨਹੀਂ।
ਅੱਜ ਕਮਰੇ ਦੀ ਕੱਲ੍ਹ ਕਿਸ਼ਤ ਕਾਰ ਦੀ
ਬਾਪੂ ਭਰਦੇ ਇਹ ਡੂੰਘੇ ਟੋਏ ਨਹੀਂ।

ਤੁਸੀਂ ਸੋਚੋ ਮੈਂ ਪੈਸਿਆਂ ਵਿਚ ਖੇਲਾਂ
ਕਿਉਂ ਪੈਸੇ ਤੁਹਾਨੂੰ ਘਲਦਾ ਨਹੀਂ?
ਕੀ ਦਸਾਂ ਮੈਂ ਤੁਹਾਨੂੰ ਬਾਪੂ
ਮੇਰਾ ਗੁਜਾਰਾ ਚਲਦਾ ਨਹੀਂ।

ਕੱਲੇ ਦਾ ਢਿੱਡ ਭਰਨਾ ਔਖਾ
ਉਹਦਾ ਫੇਰ ਮੈਂ ਕਿੰਜ ਭਰੂੰਗਾ।
ਸੋਚਿਆ ਪਹਿਲਾਂ ਚਾਰ ਪੈਸੇ ਜੋੜ ਕੇ
ਫੇਰ ਪਿੰਡ ਆ ਕੇ ਮੈਂ ਵਿਆਹ ਕਰੂੰਗਾ।

ਤੁਹਾਡੇ ਹਰ ਖਤ ਵਿਚ ਕੋਈ ਸਵਾਲ ਹੈ ਹੁੰਦਾ
ਜਿਸ ਦਾ ਮੇਰੇ ਕੋਲ ਕੋਈ ਜਵਾਬ ਨਹੀਂ।
ਸੱਚ ਤੁਹਾਡੇ ਲਈ ਸੁਣਨਾ ਔਖਾ
ਮੈਂ ਪੂਰੇ ਕਰ ਸਕਦਾ ਤੁਹਾਡੇ ਖਵਾਬ ਨਹੀਂ।

ਬਣਾਏ ਸਨ ਜੋ ਹਵਾਈ ਕਿਲੇ ਤੁਸਾਂ ਨੇ
ਉਹ ਨਹੀਂ ਸੀ ਮੈਂ ਢੋਣਾ ਚਾਹੁੰਦਾ।
ਔਣ ਤੋਂ ਕਰ ਰਿਹਾ ਸੀ ਟਾਲ ਮਟੋਲਾ
ਮੈਂ ਖਾਲੀ ਹੱਥ ਨਹੀਂ ਸੀ ਔਣਾ ਚੋਂਹਦਾ।

ਪਿੰਡ ਵਿਚ ਬੈਠੇ ਤੁਸੀਂ ਇਹ ਸੋਚੋ
ਸਾਨੂੰ ਸਾਡਾ ਮੁੰਡਾ ਭੁੱਲ ਗਿਆ ਹੈ।

ਦੇਖਕੇ ਉਹੋ ਚਿੱਟੀ ਚਮੜੀ
ਗੋਰੀਆਂ ਉੱਤੇ ਡੁੱਲ੍ਹ ਗਿਆ ਹੈ।

ਕੀ ਦਸਾਂ ਤੈਨੂੰ ਮੇਰੀ ਅੰਮੀਏ
ਪੁੱਤ ਤੇਰਾ ਲੋਹੇ ਦੇ ਨਾਲ ਨਿੱਤ ਘੁਲਦਾ ਹੈ
ਭੱਜੀ ਛੱਡਕੇ ਆਪਣੇ ਪਿੰਡ ਦੀ ਸਰਦਾਰੀ
ਅੱਜ ਪਰਦੇਸਾਂ ਦੇ ਵਿਚ ਰੁਲਦਾ ਹੈ।

## ਪਿੰਡ ਨੂੰ ਸੁਨੇਹਾ

ਐ ਮੇਰਿਆ ਪਿੰਡਾ
ਮੈਂ ਭੁਲਿਆ ਨਹੀਂ ਤੈਨੂੰ
ਇਕ ਵਾਰ ਤਾਂ ਆਵਾਂਗਾ।
ਮਰਨ ਤੋਂ ਪਹਿਲਾਂ
ਤੇਰੀ ਜੂਹ ਵਿਚ
ਪੈਰ ਆਪਣੇ ਮੈਂ ਪਾਵਾਂਗਾ।

ਮੇਰੇ ਪਿੰਡ ਦਿਆ ਬੋਹੜਾ
ਇੰਤਜ਼ਾਰ ਕਰ ਬੋਹੜਾ
ਤੇਰੀ ਛਾਂ ਮੈਂ ਮਾਣਾਂਗਾ।
ਇਕ ਗਰਮੀ ਦੀ ਰੁੱਤੇ
ਤੇਰੇ ਥੱਲੇ ਸੀ ਸੁੱਤੇ
ਛਤਰੀ ਤੇਰੀ ਫਿਰ ਤਾਣਾਂਗਾਂ।

ਐ ਮੇਰੇ ਪਿੰਡ ਦੀਓ ਗਲੀਓ,
ਆਕੇ ਚੌਂਕ 'ਚ ਰਲੀਓ,
ਫੇਰ ਖੁੱਦੋ ਖੂੰਡੀ ਖੇਲਾਂਗੇ।
ਲੈ ਬਚਪਨ ਦੇ ਬੇਲੀ
ਉਹ ਜੁਲਾਹੇ ਤੇ ਤੇਲੀ
ਤੇਰੇ ਰਾਹਾਂ ਵਿਚ ਮੇਲਾਂਗੇ।

ਐ ਮੇਰੇ ਘਰ ਦੇ ਫਾਟਕ
ਤੂੰ ਦੇਖਿਆ ਸਭ ਨਾਟਕ

ਸਭ ਮਾੜਾ ਜਾਂ ਚੰਗਾ।
ਤੂੰ ਦੇਖਿਆ ਹੈ ਮੈਨੂੰ
ਤੇਰੇ ਵਿਹੜੇ ਅੰਦਰ
ਤੜਾਗੀ ਪਾਈ ਫਿਰਦਾ ਨੰਗਾ।

ਐ ਮੇਰੇ ਗੁਰਦਵਾਰੇ
ਆ ਤੇਰੇ ਦਵਾਰੇ
ਮੈਂ ਮੱਥਾ ਟੇਕੂੰਗਾ।
ਬਹਿ ਤੇਰੀ ਗੋਦੇ
ਪਹਿਲਾਂ ਦੇ ਵਾਂਗੂੰ
ਨਿੱਘ ਪਿਆਰ ਦਾ ਸੇਕੂੰਗਾ।

ਐ ਮੇਰਿਆ ਖੇਤਾ
ਮੈਨੂੰ ਤੇਰਾ ਹੈ ਚੇਤਾ
ਨਾਂ ਮੇਰੇ ਤੂੰ ਲੱਗਾ।
ਹਲ ਬੋਹਣਾ
ਮੈਂ ਸਿੱਖਿਆ ਤੇਰੇ ਤੇ
ਜੋੜ ਮੀਣਾ ਤੇ ਬੱਗਾ।

ਐ ਮੇਰੇ ਪਿੰਡ ਦੇ ਲੋਕੋ
ਤੁਸੀਂ ਇਹ ਨਾ ਸੋਚੋ
ਮੈਂ ਤੁਹਾਡੇ ਕਰੀਬ ਨਹੀਂ।
ਸਭ ਕੁਝ ਹੁੰਦਿਆਂ ਸੁੰਦਿਆਂ
ਤੁਹਾਡੇ ਸਾਥ ਦੇ ਬਾਝੋਂ
'ਭੱਜੀ' ਵਰਗਾ ਕੋਈ ਗਰੀਬ ਨਹੀਂ।

# ਪਿੰਡ ਦੀ ਯਾਦ

**1**

ਅੱਜ ਮੈਂ
ਆਪਣੇ ਬਜ਼ੁਰਗਾਂ ਦੀ
ਉਮਰਾਂ ਦੀ ਕਮਾਈ
ਭੰਗ ਦੇ ਭਾਣੇ
ਰੋੜ੍ਹ ਆਇਆ ਹਾਂ।
ਆਪਣੇ ਪਿੰਡ ਨਾਲੋਂ
ਮੈਂ ਆਪਣਾ ਰਿਸ਼ਤਾ
ਸਦਾ ਦੇ ਲਈ
ਤੋੜ ਆਇਆ ਹਾਂ।

**2**

ਮੈਨੂੰ ਯਾਦ ਹੈ
ਇਕ ਨਿੱਕਾ ਜਿਹਾ
ਪਿੰਡ ਸੀ ਮੇਰਾ
ਜਿੱਥੇ ਕੁਝ ਝੁੱਗੀਆਂ
ਕੁਝ ਕੱਚੇ ਘਰ।
ਹਰ ਕੋਈ
ਬੇਫਿਕਰ ਸੀ ਦਿਸਦਾ
ਕਿਸੇ ਨੂੰ ਨਹੀਂ ਸੀ ਕੋਈ ਡਰ।
ਕਦੇ ਕੋਈ ਨਾ
ਲੌਂਦਾ ਜਿੰਦਾ
ਖੁੱਲ੍ਹਾ ਰਹਿੰਦਾ ਸੀ ਹਰ ਇਕ ਦਰ।

ਉੱਥੋਂ ਮੁੜਕੇ
ਜਦ ਚਾਹੇ ਚੁੱਕ ਲਵੇ
ਜਿੱਥੇ ਚੀਜ਼ ਕੋਈ ਜਾਓ ਧਰ।

ਦਿਲ ਲੋਕਾਂ ਦੇ
ਬੜੇ ਸਾਫ਼ ਸੀ
ਭਾਵੇਂ ਤਨ ਸੀ ਰਹਿੰਦੇ ਗੰਦੇ।
ਇਕ ਦੂਏ ਦੇ
ਕੰਮ ਸੀ ਔਂਦੇ
ਫਰਿਸ਼ਤਿਆਂ ਵਰਗੇ
ਮੇਰੇ ਪਿੰਡ ਦੇ ਬੰਦੇ।

ਇਹ ਗੱਲ ਵੱਖਰੀ
ਪਿੰਡ ਵਿਚ ਹੁੰਦਿਆਂ
ਨਹੀਂ ਜੇਬ 'ਚ ਹੁੰਦਾ ਸੀ ਪੈਸਾ।
ਪਰ ਕਦੇ ਕੋਈ
ਸੁੱਤਾ ਹੋਵੇ ਭੁੱਖਾ
ਚੇਤੇ ਨਹੀਂ
ਮੈਨੂੰ ਕੋਈ ਦਿਨ ਐਸਾ।

ਬੇਸਣ ਦੀ ਰੋਟੀ
ਨਾਲ ਗੰਢੇ ਦੇ
ਤੇ ਨਾਲ ਥੋੜ੍ਹਾ ਜਿਹਾ ਅਚਾਰ।
ਉਸ ਦੇ ਵਿਚੋਂ ਸੀ
ਡੁੱਲ੍ਹ ਡੁੱਲ੍ਹ ਪੈਂਦਾ
ਮਾਂ ਮੇਰੀ ਦਾ ਸਾਰਾ ਪਿਆਰ।

ਚਾਰ ਰੁੱਤਾਂ ਸੀ
ਲੰਘਦੀਆਂ ਹੌਲੀ ਹੌਲੀ
ਬੜੇ ਲੰਮੇ ਹੁੰਦੇ ਸੀ ਸਾਲ।
ਹੌਲੀ ਹੌਲੀ
ਚਲਦੀ ਸੀ ਜ਼ਿੰਦਗੀ
ਮੇਰੇ ਪਿੰਡ ਗੱਡੇ ਦੀ ਚਾਲ।



3

ਮੇਰੇ ਪਿੰਡ ਦੀਆਂ
ਧੁੱਦਲ ਭਰੀਆਂ ਗਲੀਆਂ ਵਿਚ
ਮੈਂ ਮਾਂ ਦੀ ਉਂਗਲ ਫੜ ਚਲਿਆ।
ਇਕ ਦਿਨ
ਮੈਨੂੰ ਮੇਰੇ ਘਰ ਦਿਆਂ
ਪੜ੍ਹਨ ਲਈ ਸ਼ਹਿਰ ਵੱਲ ਘੱਲਿਆ।

ਹੌਲੀ ਹੌਲੀ
ਮੈਂ ਸਦਾ ਲਈ
ਆਪਣੇ ਪਿੰਡ ਤੋਂ ਦੂਰ ਹੋ ਗਿਆ।
ਰੋਜ਼ੀ ਤੇ ਰੋਟੀ ਦੀ ਖਾਤਿਰ
ਵਤਨ ਛੱਡਣ ਲਈ
ਮੈਂ ਮਜਬੂਰ ਹੋ ਗਿਆ।

4

ਹੁਣ ਅਮਰੀਕਾ ਵਿਚ
ਇਕ ਵੱਡੇ ਸ਼ਹਿਰ ਵਿਚ
ਇਕ ਵੱਡਾ ਸਾਰਾ ਪੱਕਾ ਘਰ।
ਕੋਈ ਕਿਤੇ
ਚੋਰੀ ਨਾ ਕਰ ਲਵੇ
ਸਦਾ ਰਹਿੰਦਾ ਹੈ ਇਹ ਹੀ ਡਰ।

ਇਹਦੀਆਂ ਬਾਰੀਆਂ
ਸਦਾ ਬੰਦ ਰਹਿੰਦੀਆਂ
ਸਿਰਫ਼ ਨਿਕਲਦਿਆਂ ਵੜਦਿਆਂ ਖੁੱਲ੍ਹਦਾ ਦਰ।
ਅੱਖ ਝਪਕਦਿਆਂ ਹੀ
ਚੀਜ਼ ਗਾਇਬ ਹੋ ਜਾਂਦੀ
ਜੇ ਕਿਤੇ ਤੁਸੀਂ ਦਿਓ ਧਰ।

ਏਥੇ ਲੋਹੇ ਤੇ
ਪੱਥਰ ਦੀਆਂ ਇਮਾਰਤਾਂ
ਛੂਹ ਰਹੀਆਂ ਨੇ

ਅੰਬਰ ਦੀ ਧੁਨੀ।
ਹਰ ਇਕ ਇਮਾਰਤ
ਭਾਂਤ-ਭਾਂਤ ਦੇ ਲੋਕਾਂ ਦੇ ਨਾਲ
ਖਚਾ ਖਚ ਪਈ ਹੈ ਤੁੰਨੀ।

5
ਇਕ ਦੂਜੇ ਨੂੰ
ਲੋਕੀਂ ਮਿਲਦੇ
ਕਹਿ 'ਹੈਲੋ' ਜਾਂ 'ਹਾਏ'।
ਜਾਂ ਫੇਰ
ਪੱਲਾ ਛੁਡੋਣ ਦੇ ਲਈ
ਝੱਟ ਕਹਿ ਦਿੰਦੇ 'ਬਾਏ'।

ਐਥੇ ਕੋਈ ਗੁਆਂਢੀ
ਆਪਣੇ ਗੁਆਂਢੀ ਦਾ
ਪੂਰਾ ਨਾਂ ਵੀ ਨਹੀਂ ਜਾਣਦਾ।
ਜੇ ਕਿਤੇ ਬਾਹਰ
ਅਚਾਨਕ ਮਿਲ ਜਾਣ
ਇਕ ਦੂਜੇ ਨੂੰ
ਕੋਈ ਨਹੀਂ ਪਛਾਣਦਾ।

ਚੰਗੀ ਸੀ
ਉਹ ਬੇਸਣ ਦੀ ਰੋਟੀ
ਸਟੋਕਾਂ ਵਿਚ ਉਹ ਸਵਾਦ ਨਹੀਂ
ਕਿਤੇ ਮਿਲਿਆ ਹੋਵੇ
ਮਾਂ ਵਰਗਾ ਖਾਣਾ
ਐਸਾ ਦਿਨ ਕੋਈ ਯਾਦ ਨਹੀਂ

ਇਸ ਧਨਾਢ
ਮੁਲਖ ਅੰਦਰ ਵੀ
ਕਈ ਲੋਕੀ ਰਾਤਾਂ ਨੂੰ ਭੁੱਖੇ ਸੌਂਦੇ ਨੇ।
ਕਈਆਂ ਦੇ ਸਿਰਾਂ ਤੇ
ਛੱਤ ਨਹੀਂ ਹੈ



ਉਹ ਬਿਸਤਰ
ਨੀਲੇ ਅੰਬਰ ਥੱਲੇ ਬਛੌਂਦੇ ਨੇ।

ਤਨ ਭਾਵੇਂ ਨੇ
ਇਨ੍ਹਾਂ ਦੇ ਚਿੱਟੇ
ਪਰ ਮਨ ਨੇ
ਇਨ੍ਹਾਂ ਦੇ ਗੰਦੇ।
ਕੋਈ ਕਿਸੇ ਦੇ
ਕੰਮ ਨਹੀਂ ਔਂਦਾ।
ਮਤਲਬ ਪਰਸਤ ਨੇ ਸਭ ਬੰਦੇ।

ਪਰੀਆਂ ਵਰਗੀਆਂ
ਸੋਹਣੀਆਂ ਮੇਮਾਂ
ਜਿਨ੍ਹਾਂ ਦੇ ਸੋਨੇ ਰੰਗੇ ਵਾਲ।
ਤੀਸਰੇ ਦਿਨ
ਉਹ ਬਦਲਕੇ ਬੰਦਾ
ਆਪਣੀ ਜ਼ਿੰਦਗੀ ਲੈਂਦੀਆਂ ਗਾਲ।

6
ਕਈ ਸਾਲ
ਮੈਨੂੰ ਕੰਮ ਕਰਦਿਆਂ ਹੋ ਗਏ
ਇੰਜ ਲਗਾ ਮੈਂ ਬਹੁਤ ਕਮਾਇਆ।
ਪਰ ਜੇਬ
ਵਿਚ ਨਹੀਂ ਕਾਣੀ ਕੋਡੀ
ਜਦ ਹੱਥ ਮੈਂ ਉਸ ਵਿਚ ਪਾਇਆ।

ਕੋਈ ਉਠਦਾ
ਦਿਨ ਚੜ੍ਹੇ ਤੇ
ਕੋਈ ਵੱਡੇ ਤੜਕੇ।
ਸੁਬਾਹ ਸਾਰ ਹੀ
ਲੋਕੀਂ ਭੱਜ ਤੁਰਦੇ
ਆਪਣੀਆਂ ਕਾਰਾਂ ਉੱਤੇ ਚੜ੍ਹਕੇ।

ਸਾਰਾ ਦਿਨ
ਉਹ ਭੱਜੇ ਫਿਰਦੇ
ਆਖਿਰ ਪੈਂਦੀ ਸ਼ਾਮ।
ਨੌਂ ਦਸ ਰਾਤ ਦੇ
ਵੱਜ ਨੇ ਜਾਂਦੇ
ਹਰ ਬੰਦੇ ਨੂੰ ਆਮ।

ਸੜਕਾਂ ਤੇ
ਤੇਜ਼ ਜਾਂਦੀ ਗੱਡੀ ਵਾਂਗਰ
ਏਥੇ ਬੜੀ ਤੇਜ਼ ਹੈ
ਜ਼ਿੰਦਗੀ ਦੀ ਚਾਲ।
ਪਹਿਲਾਂ ਸਿਰ ਤੋਂ
ਪੱਗ ਲਹੀ ਸੀ
ਹੁਣ ਲਹਿ ਗਏ
ਸਿਰ ਤੋਂ ਸਾਰੇ ਵਾਲ।

7
ਕੱਲ੍ਹ ਦੀ ਹੀ
ਮੈਨੂੰ ਇਹ ਗੱਲ ਲਗਦੀ ਹੈ
ਜਦੋਂ ਸਾਡਾ ਵਿਆਹ ਸੀ ਹੋਇਆ।
ਕੁਝ ਦਿਨਾਂ ਮਗਰੋਂ
ਸਾਡੇ ਘਰ ਵਿਚ
ਸਾਡਾ ਪਹਿਲਾ ਜੁਆਕ ਸੀ ਹੋਇਆ।

ਪਰ ਜਦੋਂ ਮੈਂ
ਅੱਜ ਘਰ ਆਪਣਾ ਤੱਕਿਆ
ਘਰ ਮੇਰਾ ਜੁਆਕਾਂ ਤੋਂ ਖਾਲੀ।
ਵਾਲ ਮੇਰੇ ਵੀ
ਸਾਰੇ ਹੋ ਗਏ ਚਿੱਟੇ
ਚਿੱਟੀ ਹੋ ਗਈ
ਮੇਰੀ ਘਰ ਵਾਲੀ।

ਇਕ ਦਿਨ
ਜਦ ਮੈਂ ਬੈਠਕੇ ਸੋਚਿਆ



ਕੀ ਖੱਟਿਆ ਕੀ ਕਮਾਇਆ ਹੈ।
ਹਿਸਾਬ ਕਿਤਾਬ
ਜਦ ਸਾਰਾ ਕੀਤਾ
ਘਾਟਾ ਹਿੱਸੇ ਆਇਆ ਹੈ।

8
ਮੇਰੇ ਪਿੰਡ ਦੀ
ਉਸ ਧਰਤੀ ਤੋਂ
ਹੁਣ ਵੀ ਕਈ ਗੱਭਰੂ ਔਂਦੇ ਨੇ।
ਇਨ੍ਹਾਂ ਸੁਰਗਾਂ ਵਿਚ
ਔਣ ਦੇ ਲਈ
ਉਹ ਜ਼ਮੀਨ ਵੀ ਗਹਿਣੇ ਧੌਂਦੇ ਨੇ।

ਵਤਨ ਆਪਣੇ ਨੂੰ
ਛੱਡਣ ਲੱਗਿਆਂ
ਉਹ ਕਈ ਸੁਪਨੇ ਸਜੋਂਦੇ ਨੇ।
ਫੇਰ ਏਥੇ
ਉਹ ਇਕ ਦਿਨ ਖੁਦ ਨੂੰ
ਬੇਕਾਰ ਤੇ ਬੇਘਰ ਧੌਂਦੇ ਨੇ।


ਹੋਲੀ ਹੋਲੀ
ਉਹ ਆਪਣੇ ਸੁਪਨਿਆਂ ਦਾ
ਹੱਥੀਂ ਗਲਾ ਦਬੋਂਦੇ ਨੇ।
ਆਪਣੇ ਦਿਲ ਵਿਚ
ਪੁੱਟ ਕਬਰ ਉਨ੍ਹਾਂ ਦੀ
ਆਪਣੇ ਹੱਥੀਂ ਦਫਨੌਂਦੇ ਨੇ।

ਕੀ ਆਖਣਗੇ
ਮੇਰੇ ਪਿੰਡ ਦੇ ਲੋਕੀ
ਇਸ ਗੱਲੋਂ ਮੁੜਨੋਂ
ਉਹ ਘਬਰੌਂਦੇ ਨੇ।
ਉਹ ਦੌੜਨ
ਰੁੜ੍ਹਦਿਆਂ ਸਿੱਕਿਆਂ ਪਿੱਛੇ

ਜੋ ਕਦੇ ਹੱਥ ਨਹੀਂ ਔਂਦੇ ਨੇ।
ਰਹਿੰਦੀਆਂ ਸਦਾ ਨੇ
ਜੇਬਾਂ ਪਾਟੀਆਂ
ਡਿੱਗ ਜਾਂਦੇ ਜੋ ਪੌਂਦੇ ਨੇ।

ਇਕੱਲਿਆਂ ਬਹਿ
ਤੇਰੇ ਦਰਦ ਵਿਛੋੜੇ ਦੇ
ਹੰਝੂ ਮੈਂ ਆਪੇ ਪੀ ਲਵਾਂਗਾ।
ਐ ਮੇਰਿਆ ਪਿੰਡਾ
ਤੇਰੀਆਂ ਯਾਦਾਂ ਦੇ ਸਹਾਰੇ
ਬਾਕੀ ਦਾ ਜੀਵਨ ਜੀ ਲਵਾਂਗਾ।

ਹੋਣ ਸੋਚਾਂ ਜਦ ਮੈਂ
ਪਿੰਡ ਦੇ ਬਾਰੇ
ਮਨ ਕਹੇ ਤੂੰ ਕੀ ਕਰਨਾ ਹੈਂ।
ਬਹੁਤ ਦੇਰ
ਹੋ ਗਈ ਭੱਜੀ ਤੈਨੂੰ
ਤੇਰੇ ਭਾਗੀ ਤਾਂ ਬੱਸ
ਪਰਾਈ ਧਰਤ ਤੇ ਪਰਾਏ ਲੋਕਾਂ ਵਿਚ ਹੀ ਮਰਨਾ ਹੈ।



**ਡਾ. ਹਰਭਜਨ ਸਿੰਘ ਭੱ**

*(ਜਨਮ : 14 ਫਰਵਰੀ, 19*

ਡਾ. ਹਰਭਜਨ ਸਿੰਘ ਭੱਜੀ ਦਾ
ਨਗਰ (ਰਾਜਸਥਾਨ) ਵਿਚ 1945 ਕਿ
ਮੁਢਲੀ ਵਿਦਿਆ ਉੱਥੇ ਹੀ ਛੋਟੇ ਜਿ
ਪ੍ਰਾਪਤ ਕੀਤੀ।

ਬਚਪਨ ਵਿਚ ਪੰਜਾਬੀ ਆਪਣੀ ਮ

ਰਾਜਿੰਦਰਾ ਮੈਡੀਕਲ ਕਾਲਜ,
ਐਮ. ਬੀ. ਬੀ. ਐਸ. ਕੀਤੀ ਅਤੇ ਉ
ਪੰਜਾਬੀ ਪੁਸਤਕਾਂ ਪੜ੍ਹਨ ਦੀ ਚੇਟਕ ਨ

ਕੁਝ ਸਮਾਂ ਕੈਨੇਡਾ/ਇੰਗਲੈਂਡ ਗ
ਪਿਛਲੇ 20 ਸਾਲਾਂ ਤੋਂ ਅਮਰੀਕਾ ਵਿ
ਸਮੇਂ ਦੌਰਾਨ ਉਨ੍ਹਾਂ ਪੰਜਾਬੀ ਸਭਿਆਚ
ਧਰਮ ਦਾ ਅਧਿਐਨ ਕੀਤਾ।

ਪੰਜਾਬ ਵਿਚ 1984 ਦੇ ਬ
ਅਪਰੇਸ਼ਨ ਨੇ ਕਾਫ਼ੀ ਝੰਜੋੜਿਆ। ਅ
ਕਵਿਤਾ ਲਿਖਣੀ ਸ਼ੁਰੂ ਕੀਤੀ। ਪਿ
'ਸਿੱਖੀ' ਅਤੇ ਦੂਸਰੀ 'ਮੈਂ ਹਾਂ ਧਰਤ
ਅਮਰੀਕਾ ਦੇ ਅਖ਼ਬਾਰਾਂ 'ਵਰਲਡ ਸਿ
ਛਾਪੀਆਂ ਤੇ ਪੰਜਾਬ ਦੇ ਪ੍ਰਸਿੱਧ ਗਾਇਕ
ਜੱਗਾ ਨੇ ਇਹ ਕਵਿਤਾਵਾਂ ਅ
ਗੁਰਦੁਆਰਿਆਂ ਵਿਚ ਗਾ ਕੇ ਪੜ੍ਹੀਅ
ਬਹੁਤ ਪਸੰਦ ਕੀਤੀਆਂ। ਹੁਣ ਤਕ ਨਿ
ਪਾਠਕਾਂ ਨੂੰ ਦੇ ਚੁੱਕੇ ਹਨ :

*ਕਾਵਿ ਸੰਗ੍ਰਹਿ* : ਮੈਂ ਹਾਂ ਧਰਤ
(1993), ਔਰਤ (1996), ਰੱਬ (1

*ਕਹਾਣੀ ਸੰਗ੍ਰਹਿ* : ਉਜੜੇ ਲੋਕ (